PUNJABI UNIVERSITY PATIALA

# ਪ੍ਰਾਚੀਨ ਪੰਜਾਬ ਤੇ ਉਸਦਾ ਆਲਾ ਦੁਆਲਾ

ਜੈ ਚੰਦਰ ਵਿਦਿਆਲੰਕਾਰ

PB
954.5
V 669 P

P
954.5
V 669 P

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

# ਪ੍ਰਾਚੀਨ ਪੰਜਾਬ
ਅਤੇ
# ਉਸ ਦਾ ਆਲਾ ਦੁਆਲਾ

ਲੇਖਕ
ਜੈ ਚੰਦ੍ਰ ਵਿਦਿਆਲੰਕਾਰ
ਅਨੁਵਾਦਕ
ਗੁਰਬਚਨ ਸਿੰਘ ਸੇਠੀ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਯੂਨੀਵਰਸਿਟੀ, ਪਟਿਆਲਾ

PRACHEEN PUNJAB ATE US DA ALA DUALA

*by*

JAI CHANDER VIDYALANKAR

ਪਹਿਲੀ ਵਾਰ 1970 : 1100
ਦੂਜੀ ਵਾਰ 1989 : 1100
ਮੁੱਲ : 10 ਰੁਪਏ

77096
16/10/91

PB
954.5
V 669 P

Library IIAS, Shimla
P 954.5 V 669 P
00077096

ਸਰਦਾਰ ਤੀਰਥ ਸਿੰਘ ਐਲ-ਐਲ. ਐਮ. ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਅਤੇ ਲੋਕ ਆਵਾਜ਼ ਪ੍ਰਿੰਟਰਜ਼, ਸੁਨਾਮੀ ਗੇਟ ਪਟਿਆਲਾ ਵਿਖੇ ਛਪੀ ।

!

## ਨਕਸ਼ਿਆਂ ਦੀ ਸੂਚੀ


| | | | |
|---|---|---|---|
| 1. | ਉੱਤਰ ਭਾਰਤ ਦਾ ਮੈਦਾਨ ਜਾਂ ਆਰਯਾ ਵਰਤ (ਰਾਮ ਦਸ਼ਰਥ ਅਤੇ ਭਾਰਤ ਯੁੱਧ-ਕਾਲ ਵਿਚ) | ਪੰਨਾ | 1 ਦੇ ਸਾਮ੍ਹਣੇ |
| 2. | ਪ੍ਰਾਚੀਨ ਉੱਤਰਾਪਥ ਦਾ ਕੇਂਦਰੀ ਅੰਸ਼ | ਪੰਨਾ | 6 ਦੇ ਸਾਮ੍ਹਣੇ |
| 3. | ਭਾਰਤ ਦੀ ਉੱਤਰ ਪੱਛਮੀ ਸੀਮਾ | ਪੰਨਾ | 16 ਦੇ ਸਾਮ੍ਹਣੇ |
| 4. | ਉੱਤਰਾਪਥ ਦੇ ਭਾਰਤੀ ਉਪਨਿਵੇਸ਼ (ਪ੍ਰਾਚੀਨ ਅਤੇ ਮੱਧ-ਕਾਲ ਵਿਚ) | ਪੰਨਾ | 36 ਦੇ ਸਾਮ੍ਹਣੇ |

## ਵਿਸ਼ੇ ਸੂਚੀ


**1. ਭੂਮੀ ਦੀ ਬਨਾਵਟ**

1. ਪੰਜਾਬ ਮੈਦਾਨ 2. ਪ੍ਰਾਚੀਨ ਉੱਤਰਾਪਥ 3. ਸਿੰਧ, ਪੰਜਾਬ ਅਤੇ ਉਸ ਦੇ ਨਾਲ ਲਗਦੇ ਹਿਮਾਲਾ ਦੇ ਅੰਸ਼ 4. ਹਿਮਾਲਾ ਅਤੇ ਸਿੰਧ ਪਾਰ ਦੇ ਪਹਾੜ, ਪਾਣੀ ਅਤੇ ਪ੍ਰਦੇਸ਼ । 1-13

**2. ਭੂਮੀ ਦਾ ਵਿਕਾਸ, ਮਨੁੱਖ ਦਾ ਪ੍ਰਗਟ ਹੋਣਾ**

1. ਭੂਮੀ ਅਤੇ ਜੀਵਾਂ ਦਾ ਵਿਕਾਸ 2. ਮਨੁਖ ਅਤੇ ਸਭਿਅਤਾ ਦਾ ਵਿਕਾਸ 3. ਭਾਰਤ ਦੀ ਉੱਤਰ-ਪੱਛਮੀ ਹੱਦ ਦਾ ਵਿਕਾਸ, ਉਸ ਵਿਚ ਮਨੁਖ ਦੇ ਪਹਿਲੇ ਚਿੰਨ੍ਹ । 14—19


**3. ਪਹਿਲੀਆਂ ਸਭਿਅਤਾਵਾਂ**

1. ਸਿੰਧ-ਘਾਟੀ ਸਭਿਅਤਾ 2. ਉੱਤਰ ਪੱਛਮੀ ਭਾਰਤ ਵਿਚ ਆਰਯਾ ਦਾ ਪ੍ਰਗਟ ਹੋਣਾ 3. ਵੈਦਿਕ ਕਾਲ ਵਿਚ ਪੰਜਾਬ ਅਤੇ ਆਂਢ ਗੁਆਂਢ ।

**ਪੂਰਕ ਅੰਸ਼**—ਸਤਲੁਜ ਦੂਨ ਤੋਂ ਪੁਰਾਣੇ ਚਿੰਨ੍ਹ ਪਾਏ ਜਾਣ ਦੀ ਕਹਾਣੀ 20-28

**4. ਪਹਿਲੇ ਗਣਰਾਜ ਅਤੇ ਸਾਮਰਾਜ**

1. ਉੱਤਰ ਵੈਦਿਕ ਅਤੇ ਮਹਾਂਜਨਪਦ ਯੁਗਾਂ ਵਿਚ ਉੱਤਰ-ਪੱਛਮੀ ਭਾਰਤ 2. ਪਾਰਸੀ ਅਤੇ ਮਗਧ ਸਾਮਰਾਜ 3. ਸਿਕੰਦਰ ਦੀ ਚੜ੍ਹਾਈ 4. ਮੌਰੀਆ ਸਾਮਰਾਜ । 29—36




ਉੱਤਰ ਭਾਰਤ ਦਾ ਮੈਦਾਨ ਯਾ ਆਰਯਾਵਰਤ (ਰਾਮ ਦਸਰਥ ਅਤੇ ਭਾਰਤ ਯੁਧ-ਕਾਲ ਵਿਚ)

ਨਕਸ਼ਾ–1.

ਅਧਿਆਇ ਪਹਿਲਾ

# ਭੂਮੀ ਦੀ ਬਨਾਵਟ

## 1. ਪੰਜਾਬ ਮੈਦਾਨ

ਉੱਤਰੀ ਭਾਰਤ ਦੇ ਵਿਸ਼ਾਲ ਮੈਦਾਨ ਦੇ ਦੋ ਸਪਸ਼ਟ ਭਾਗ ਹਨ, ਇਕ ਗੰਗਾ ਦਾ ਅਤੇ ਦੂਜਾ ਸਿੰਧ ਦੇ ਵਗਣ ਦਾ। ਸਿੰਧ ਦੇ ਵਗਣ-ਖੇਤਰ ਦੇ ਫੇਰ ਦੋ ਸਪਸ਼ਟ ਵਿਭਾਗ ਹਨ। ਉੱਪਰਲਾ ਹਿੱਸਾ ਜਿਸ ਵਿਚ ਸਿੰਧ ਅਤੇ ਉਸਦੇ ਨਾਲ ਦੇ ਪੰਜ ਵੱਡੇ ਦਰਿਆ ਹੱਥ ਦੇ ਖੁਲ੍ਹੇ ਪੰਜੇ ਵਾਂਗ ਫੈਲੇ ਹੋਏ ਹਨ, ਪੰਜਾਬ ਹੈ। ਹੇਠਾਂ ਦਾ ਹਿੱਸਾ, ਜਿਸ ਵਿਚ ਉਨ੍ਹਾਂ ਸਭਨਾਂ ਦਾ ਪਾਣੀ ਲੈ ਕੇ ਸਿੰਧ ਇਕੱਲਾ ਵਗਦਾ ਹੈ, ਸਿੰਧ ਹੈ। ਪੰਜਾਬ ਦੇ ਪੱਛਮ ਅਤੇ ਉੱਤਰ ਵਲ ਭਾਰਤ ਦੀ ਹੱਦ ਦੇ ਪਹਾੜ ਅਤੇ ਪ੍ਰਦੇਸ਼ ਹਨ, ਜਿਨ੍ਹਾਂ ਤੋਂ ਅੱਗੇ ਫਿਰ ਈਰਾਨ ਅਤੇ ਮਧ-ਏਸ਼ੀਆ ਦੇ ਦੇਸ਼ ਹਨ। ਭਾਰਤ ਦੀ ਉੱਤਰ-ਪੱਛਮੀ ਹਦਬੰਦੀ ਨੂੰ ਲੰਘ ਕੇ ਜੇ ਕੋਈ ਕਾਫ਼ਲਾ ਭਾਰਤ ਦੇ ਸਭ ਤੋਂ ਉਪਜਾਊ ਅਤੇ ਆਬਾਦ ਗੰਗਾ ਦੇ ਮੈਦਾਨ ਵਿਚ ਜਾਂ ਦੱਖਣੀ ਭਾਰਤ ਨੂੰ ਜਾਣਾ ਚਾਹੇ, ਜਾਂ ਜੇ ਗੰਗਾ ਦੇ ਮੈਦਾਨ ਜਾਂ ਦੱਖਣ ਦੀ ਕੋਈ ਸ਼ਕਤੀ ਭਾਰਤ ਦੇ ਪੱਛਮ ਜਾਂ ਉੱਤਰ ਪੱਛਮ ਦੇ ਦੇਸ਼ਾਂ ਤਕ ਆਪਣਾ ਅਸਰ ਪਸਾਰਨਾ ਚਾਹੇ, ਤਾਂ ਉਨ੍ਹਾਂ ਦਾ ਰਾਹ ਪੰਜਾਬ ਵਿਚੋਂ ਦੀ ਹੀ ਹੈ। ਉਂਞ ਪੰਜਾਬ ਸੰਸਾਰ ਦੇ ਉਨ੍ਹਾਂ ਦੇਸ਼ਾਂ ਵਿਚੋਂ ਹੈ ਜਿਨ੍ਹਾਂ ਵਿਚੋਂ ਮਨੁੱਖੀ ਇਤਿਹਾਸ ਦੀਆਂ ਵੱਡੀਆਂ ਧਾਰਾਂ ਵਗਦੀਆਂ ਰਹੀਆਂ ਹਨ, ਜਿਨ੍ਹਾਂ ਧਾਰਾਂ ਨੇ ਭਾਰਤ ਦੇ ਸਮੁੱਚੇ ਜੀਵਨ ਤੇ ਅਸਰ ਪਾਇਆ ਹੈ।

## 2. ਪ੍ਰਾਚੀਨ ਉੱਤਰਾਪਥ

ਪਿਛਲੇ ਵੈਦਿਕ ਕਾਲ ਤੋਂ ਭਾਰਤ ਦੇ ਲੋਕ ਇਕ ਚੰਗੇ ਢੰਗ ਨਾਲ ਆਪਣੇ ਪ੍ਰਦੇਸ਼ਾਂ ਦੀ ਵੰਡ ਕਰਦੇ ਆ ਰਹੇ ਹਨ, ਜਿਹੜਾ ਭਾਰਤ ਦੇ ਪ੍ਰਦੇਸ਼ਕ ਢਾਂਚੇ, ਜਨਤਾ ਅਤੇ ਬੋਲੀਆਂ ਦੀ ਵੰਡ ਅਤੇ ਇਤਿਹਾਸ ਦੀਆਂ ਧਾਰਾਂ ਨੂੰ ਚੰਗੀ ਤਰ੍ਹਾਂ ਸਪਸ਼ਟ ਕਰਦਾ ਹੈ। ਇਸ ਅਨੁਸਾਰ ਭਾਰਤ ਦੇ ਪੰਜ ਮੰਡਲ ਸਨ।

ਕੁਰਕਸ਼ੇਤਰ ਤੋਂ ਪ੍ਰਯਾਗ ਤਕ ਜਾਂ ਬਿਹਾਰ ਦੀ ਪੂਰਬੀ ਸੀਮਾ ਤਕ ਹਿਮਾਲਾ ਅਤੇ ਵਿੰਧਿਆਚਲ ਦਾ ਵਿਚਕਾਰਲਾ ਇਲਾਕਾ ਮੱਧ-ਦੇਸ਼ ਸੀ। ਪਾਲੀ ਬੁਧ ਗ੍ਰੰਥਾਂ ਅਨੁਸਾਰ ਬਿਹਾਰ ਮੱਧ-ਦੇਸ਼ ਵਿਚ ਸ਼ਾਮਿਲ ਸੀ, ਪਰ ਨੌਵੀਂ ਸਦੀ ਦਾ ਲੇਖਕ ਰਾਜ ਸ਼ੇਖਰ ਮੱਧ-ਦੇਸ਼ ਦੀ ਪੂਰਬੀ ਸੀਮਾ ਪ੍ਰਯਾਗ ਤਕ ਹੀ ਰਖਦਾ ਹੈ।[1] ਨੇਪਾਲੀ ਲੋਕ ਹੁਣ ਵੀ ਬਿਹਾਰ ਤਕ ਦੇ ਇਲਾਕੇ ਨੂੰ 'ਮੱਧੇਸ' ਕਹਿੰਦੇ ਹਨ। ਮੱਧ-ਦੇਸ਼ ਦੇ ਪੂਰਬ, ਦੱਖਣ, ਪੱਛਮ ਅਤੇ ਉੱਤਰ ਦੇ ਦੇਸ਼ ਸਿਲਸਿਲੇਵਾਰ ਪ੍ਰਾਚੀ, ਦੱਖਣ ਪੱਥ, ਪੱਛਮ ਦੇਸ਼ ਅਤੇ ਉੱਤਰਾਪੱਥ ਸਨ। ਰਾਜ ਸ਼ੇਖਰ ਦੇ ਅਨੁਸਾਰ ਦੇਵਸਭ ਦੇ ਪੱਛਮ ਵਿਚ ਪੱਛਮੀ ਦੇਸ਼ ਸੀ, ਪਰਥੂਦਕ ਦੇ ਉੱਤਰ

[1] ਕਾਵ ਮੀਮਾਂਸਾ (ਗਾਇਕਵਾੜ ਓਰੀਐਂਟਲ ਸੀਰੀਜ਼, 1916), ਪੰਨਾ 93

ਤੋਂ ਉੱਤਰਾਪਥ । ਦੇਵਸਭ, ਸ਼ਾਇਦ ਦੇਵਾਸ ਨਾਲੇ ਤੇ ਵਸਿਆ ਅਜ ਦਾ ਦੇਵਾਸ ਹੋਵੇ ਜਿਹੜਾ 22°55' ੳ ਲੰਬ (ਅਕਸ਼ਾਂਤਰ) ਰੇਖਾ ਅਤੇ 76° ਪੂ ਬਰ (ਦੇਸ਼ਾਂਤਰ) ਰੇਖਾ ਤੇ ਹੈ । ਪਰਥੂਚਕ ਕੁਰਕਸ਼ੇਤਰ ਦਾ ਪੱਛਮ ਅਜ ਦਾ ਪੇਹੋਵਾ ਹੈ ਜਿਹੜਾ ਸਰਸਵਤੀ ਦੇ ਬਰਾਬਰ ਵਗਣ ਵਾਲੇ ਮਾਰਕੰਡੇ ਨਾਲੇ ਤੇ 29°55' ੳ, 76°30' ਪੂ ਤੇ ਹੈ । ਵੈਸੇ ਮੋਟੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ 76° ਪੂ ਤੋਂ ਪੱਛਮ ਦੇ ਉਹ ਪ੍ਰਦੇਸ਼ ਜੋ 30° ੳ ਦੇ ਉੱਤਰ ਵਲ ਹੋਣ, ਉੱਤਰਾ-ਪਥ ਵਿਚ ਗਿਣੇ ਜਾਂਦੇ ਸਨ ।

ਸੰਸਕ੍ਰਿਤ ਸਾਹਿਤ ਵਿਚ ਅਨੇਕਾਂ ਜਿੱਤਾਂ ਦੇ ਵਰਣਨ ਤੋਂ ਅਸੀਂ ਜਾਣਦੇ ਹਾਂ ਕਿ ਰਾਜਸਥਾਨ, ਗੁਜਰਾਤ ਅਤੇ ਸਿੰਧ, ਪੰਜਾਬ ਦਾ ਦੱਖਣ-ਪੱਛਮੀ ਭਾਗ ਅਤੇ ਇਨ੍ਹਾਂ ਭਾਰਤੀ ਪ੍ਰਦੇਸ਼ਾਂ ਤੋਂ ਈਰਾਨ ਆਦਿ ਜਿਨ੍ਹਾਂ ਦੇਸ਼ਾਂ ਤੋਂ ਜਾਇਆ ਜਾਂਦਾ ਸੀ, ਉਹ ਸਭ ਜਿੱਥੇ 'ਪੱਛਮ' ਵਿਚ ਗਿਣੇ ਜਾਂਦੇ ਸੀ, ਉੱਥੇ ਪੰਜਾਬ ਦਾ ਮੁੱਖ ਭਾਗ ਅਤੇ ਉਸਦੇ ਉੱਤਰ; ਉੱਤਰ-ਪੱਛਮ ਦੇ ਹੱਦ-ਪ੍ਰਦੇਸ਼, ਜਿਨ੍ਹਾਂ ਦੇ ਰਸਤੇ ਪੰਜਾਬ ਵਿਚੋਂ ਸਨ, ਉੱਤਰਾ-ਪਥ ਵਿਚ ਸਨ । ਪੰਜਾਬ ਦਾ ਮੈਦਾਨ ਉਨ੍ਹਾਂ ਪਹਾੜੀ ਹੱਦ-ਪ੍ਰਦੇਸ਼ਾਂ ਦੀ ਆਰਥਿਕ-ਧੁਰੀ ਸੀ, ਇਸੇ ਲਈ ਉਹ ਉੱਤਰਾਪੱਥ ਦਾ ਪਹਿਲਾ ਅਤੇ ਪ੍ਰਮੁਖ ਪ੍ਰਦੇਸ਼ ਸੀ । ਉੱਤਰਾ-ਪੱਥ ਦੇ ਇਨ੍ਹਾਂ ਹੱਦ-ਪ੍ਰਦੇਸ਼ਾਂ ਦਾ ਭਾਰਤੀ ਇਤਿਹਾਸ ਦੀ ਪ੍ਰੌੜ੍ਹਤਾ ਅਤੇ ਭਾਰਤੀ ਸਭਿਅਤਾ ਦੇ ਵਿਕਾਸ ਵਿਚ ਮਹਾਨ ਸਥਾਨ ਹੈ । ਵੈਦਿਕ ਕਾਲ ਤੋਂ ਮੁਗ਼ਲ ਯੁਗ ਤਕ ਅਫ਼ਗਾਨਿਸਤਾਨ ਭਾਰਤ ਦਾ ਅਭਿੰਨ ਅੰਗ ਰਿਹਾ ਹੈ । ਪੰਜਾਬ ਨੂੰ ਪਛਾਣਨ ਵਾਸਤੇ ਉਸਦੇ ਆਂਢ-ਗੁਆਂਢ ਨੂੰ ਪਛਾਣਨਾ ਹੋਏਗਾ ।

## 3. ਸਿੰਧ ਪੰਜਾਬ ਅਤੇ ਉਸਦੇ ਨਾਲ ਲਗਦੇ ਹਿਮਾਲਾ ਦੇ ਅੰਸ਼

**(ੳ) ਪੰਜਾਬ ਮੈਦਾਨ** : ਪੰਜਾਬ ਮੈਦਾਨ ਦੀ ਬਨਾਵਟ ਦੀ ਜਿਹੜੀ ਗੱਲ ਇਕਦਮ ਧਿਆਨ ਖਿਚਦੀ ਹੈ ਉਹ ਹੈ ਉਸਦੀਆਂ ਨਦੀਆਂ ਦੇ ਦੁਆਬ । ਇਨ੍ਹਾਂ ਦੁਆਬਾਂ ਦੇ ਉੱਪਰਲੇ ਹਿੱਸੇ ਹਰੇ ਭਰੇ ਹਨ, ਹੇਠਲਿਆਂ ਹਿੱਸਿਆਂ ਵਿਚ ਨਦੀਆਂ ਦੀਆਂ ਕਛਾਂ ਛੱਡ ਕੇ ਵਿਚਕਾਰਲੇ ਹਿੱਸੇ ਬਾਰ[1] ਅਰਥਾਤ ਰੇਗਿਸਤਾਨ ਹਨ ।

ਧਿਆਨ ਰਹੇ ਕਿ ਨਦੀਆਂ ਆਪਣੇ ਰਸਤੇ ਬਦਲਦੀਆਂ ਰਹਿੰਦੀਆਂ ਹਨ । ਬਿਆਸ (ਵਿਪਾਸ਼)[2] ਵੈਦਿਕ ਕਾਲ ਵਿਚ ਅਜ ਦੀ ਤਰ੍ਹਾਂ ਸਤਲੁਜ (ਸ਼ਤਦ੍ਰੂ) ਵਿਚ ਮਿਲਦੀ ਸੀ; ਪਰ ਅੱਠਵੀਂ ਸ਼ਤਾਬਦੀ ਈ. ਦੇ ਅਰੰਭ ਤੋਂ ਯਕੀਨਨ ਅਤੇ ਸੰਭਵ ਹੈ ਉਸ ਤੋਂ ਕਈ ਸੌ ਸਾਲ ਪਹਿਲਾਂ ਤੋਂ ਲੈ ਕੇ ਅਠਾਰ੍ਹਵੀਂ ਸਦੀ ਦੇ ਮੱਧ ਤਕ ਉਹ ਸਤਲੁਜ ਵਿਚ ਮਿਲਣ ਦੀ ਬਜਾਏ ਮੁਲਤਾਨ ਦੇ ਹੇਠਾਂ ਝਨਾਂ (ਚੰਦਰ ਭਾਗਾ) ਵਿਚ ਮਿਲਦੀ ਰਹੀ । ਉਸ ਦਸ਼ਾ ਵਿਚ ਸਤਲੁਜ ਅਤੇ ਰਾਵੀ (ਈਰਾਵਤੀ) ਦੇ ਵਿਚ ਅਜ ਜਿਹੜਾ ਗੰਜੀ ਬਾਰ ਹੈ ਉਹ ਉਜੇਹਾ ਬਾਰ ਨਹੀਂ ਸੀ ।

ਜਿਹਲਮ (ਵਿਤਸਤਾ) ਚਨਾਬ ਅਤੇ ਸਿੰਧ ਦੇ ਵਿਚ ਦਾ ਦੁਆਬ ਸਿੰਧ ਸਾਗਰ ਕਹਿਲਾਉਂਦਾ ਹੈ । ਇਸਦੇ ਉੱਪਰਲੇ ਹਿੱਸੇ ਵਿਚ ਹਿਮਾਲਾ ਦੇ ਉਪਗਿਰੀ ਸਕੇਸਰ

---

[1] ਦੱਖਣ-ਪੱਛਮੀ ਪੰਜਾਬ ਵਿਚ ਸੰਸਕ੍ਰਿਤ ਸ਼ਬਦ ਕੱਛ ਸਾਧਾਰਣ ਵਿਵਹਾਰ ਵਿੱਚ ਆਉਂਦਾ ਹੈ ।
(ਪੰਜਾਬੀ) ਬਾਰ=(ਹਿੰਦੀ ਬਾਂਗਰ=ਨਦੀ ਦੀ ਸੰਚਾਈ ਤੋਂ ਪਰੇ ਦੀ ਸੁੱਕੀ ਜ਼ਮੀਨ ।

[2] ਇਸ ਅਧਿਆਇ ਦੀਆਂ ਬ੍ਰੈਕਟਾਂ ਵਿੱਚ ਪੁਰਾਤਨ ਸੰਸਕ੍ਰਿਤ ਨਾਉਂ ਹਨ ।

(ਸਕੇਸ਼ਵਰ) ਪਰਬਤ ਦੇ ਲੂਣ ਦੀਆਂ ਖਾਣਾਂ ਵਾਲੇ ਡਾਂਡੇ ਕਾਫ਼ੀ ਦੱਖਣ ਤਕ ਵੱਧੇ ਹੋਏ ਹਨ। ਉਨ੍ਹਾਂ ਦੇ ਉੱਤਰ ਦਾ ਸਿੰਧ-ਜਿਹਲਮ ਵਿਚ ਦਾ ਇਹ ਪ੍ਰਦੇਸ਼ ਪੰਜਾਬ ਵਿਚ ਪੱਠੋਹਾਰ[1] ਨਾਉਂ ਨਾਲ ਪ੍ਰਸਿੱਧ ਹੈ। ਇਹੀ ਪੁਰਾਤਨ ਪੂਰਬੀ ਗੰਧਾਰ ਹੈ। ਇਸ ਦੇ ਦੱਖਣ ਦਾ ਸਿੰਧ-ਸਾਗਰ ਦੁਆਬ ਦਾ ਰੇਗਿਸਤਾਨੀ ਹਿੱਸਾ ਥਲ ਕਹਾਉਂਦਾ ਹੈ।

ਸਤਲੁਜ ਦੇ ਪੂਰਬ ਘੱਗਰ ਨਦੀ ਤਕ ਪੰਜਾਬੀ ਜਨਤਾ ਅਤੇ ਬੋਲੀ ਦਾ ਖੇਤਰ ਹੈ। ਘੱਗਰ (ਦ੍ਰਿਸ਼ਦੂਤੀ) ਅਤੇ ਸਰਸਵਤੀ ਇਕ ਦੂਸਰੇ ਵਿਚ ਮਿਲਦੀਆਂ ਹਨ, ਅਤੇ ਜਿਸ ਤਰ੍ਹਾਂ ਕਿ ਅਸੀਂ ਵੇਖਿਆ ਹੈ, ਇਨ੍ਹਾਂ ਛੋਟੀਆਂ ਨਦੀਆਂ ਦੇ ਉੱਤਰ ਪੱਛਮ ਤੋਂ ਹੀ ਉੱਤਰਾਪਥ ਸ਼ੁਰੂ ਹੁੰਦਾ ਸੀ। ਪੱਛਮ ਵਲ ਸਿੰਧ ਨਦੀ ਦੇ ਪੱਛਮ ਦਾ ਅਫ਼ਗਾਨ ਪਹਾੜਾਂ ਦੀ ਤਰਾਈ ਦਾ ਪ੍ਰਦੇਸ਼ ਵੀ ਪੰਜਾਬੀ ਹੈ।

**(ਅ) ਸਿੰਧ :** ਸਿੰਧ ਪ੍ਰਾਂਤ ਦੀ ਬਨਾਵਟ ਕੁਝ ਹਿੱਸਿਆਂ ਵਿਚ ਸਿੰਧ ਸਾਗਰ ਦੁਆਬ ਦੀ ਤਰ੍ਹਾਂ ਹੈ, ਅਰਥਾਤ ਵੱਡੀ ਸਿੰਧ ਨਦੀ ਅਤੇ ਉਸ ਦੇ ਪੂਰਬ ਵਿਚ ਰੇਗਿਸਤਾਨ। ਪਰ ਸਿੰਧ ਸਾਗਰ ਦੁਆਬ ਦਾ ਥਲ, ਜਿੱਥੇ ਪੂਰਬ ਤਕ ਜਿਹਲਮ-ਝਨਾਂ ਨਦੀਆਂ ਤਕ ਸੀਮਿਤ ਹੈ, ਉੱਥੇ ਸਿੰਧ ਦੇ ਵਿਸ਼ਾਲ ਰੇਗਿਸਤਾਨ ਦੇ ਅੱਗੇ ਅਜੇਹੀ ਕੋਈ ਹੱਦ ਨਹੀਂ ਹੈ। ਸਿੰਧ ਮੈਦਾਨ ਦੇ ਪੱਛਮ-ਉੱਤਰੀ ਸਿਰੇ ਤੋਂ ਸ਼ਿਕਾਰਪੁਰ ਤੋਂ ਸਿੱਬੀ ਤਕ ਮੈਦਾਨ ਦਾ ਇਕ ਸਿਰਾ ਪਹਾੜਾਂ ਦੇ ਵਿਚ ਵਧਿਆ ਹੋਇਆ ਹੈ। ਇਹ ਕਛੀ ਗੰਧਾਵ ਕਹਿਲਾਂਦਾ ਹੈ।

**(ੲ) ਹਿਮਾਲਾ ਦੀਆਂ ਤਿੰਨ ਸੰਗਲੀਆਂ :** ਸਾਡੇ ਪੁਰਾਤਨ ਭਾਰਤ ਦੀ ਉੱਤਰੀ ਪਰਬਤ-ਮਾਲਾ ਨੂੰ ਆਮ ਤੌਰ ਤੇ ਹਿਮਾਲਾ ਕਹਿੰਦੇ ਸੀ, ਪਰ ਅਜ ਦੇ ਭੂਗੋਲ-ਗਿਆਨੀ ਸਿੰਧ ਅਤੇ ਬ੍ਰਹਮਪੁੱਤਰ ਨਦੀਆਂ ਦੇ ਦੱਖਣੀ ਘੁੰਮਾਵਾਂ ਦੇ ਵਿਚ ਦੇ ਪਹਾੜ ਲਈ ਹੀ ਉਸ ਨਾਮ ਨੂੰ ਸੀਮਿਤ ਰਖਦੇ ਹਨ। ਸਿੰਧ ਦੇ ਘੁੰਮਾਵ ਦੇ ਅੰਦਰ ਇਸਦਾ ਸਭ ਤੋਂ ਪੱਛਮੀ ਪਹਾੜ ਨੰਗਾ ਪਰਬਤ ਹੈ। ਉਥੋਂ ਬ੍ਰਹਮਪੁੱਤਰ ਦੇ ਘੁੰਮਾਵ ਦੇ ਨਜ਼ਦੀਕ ਤਕ ਸੰਸਾਰ ਦੇ ਸਭ ਤੋਂ ਉੱਚੇ ਪਹਾੜਾਂ ਦੀ ਜਿਹੜੀ ਪਰੰਪਰਾ ਚਲੀ ਗਈ ਹੈ ਉਹੀ ਹਿਮਾਲਾ ਦਾ ਅੰਤਰਗਿਰੀ, ਅਥਵਾ ਮਹਾਂ-ਹਿਮਾਲਾ ਹੈ। ਮਹਾਂ-ਹਿਮਾਲਾ ਦੇ ਹੇਠਾਂ ਇਸਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਇਸਦੀਆਂ ਹੇਠਲੀਆਂ ਪਉੜੀਆਂ ਦੇ ਰੂਪ ਵਿਚ ਦੋ ਹੋਰ ਸੰਗਲੀਆਂ ਪਸਰੀਆਂ ਹੋਈਆਂ ਹਨ, ਜਿਨ੍ਹਾਂ ਨੂੰ ਸਾਡੇ ਬਜ਼ੁਰਗ ਬਹਿਰਗਿਰੀ ਅਤੇ ਉਪਗਿਰੀ[2] ਕਹਿੰਦੇ ਸੀ, ਆਧੁਨਿਕ ਵਿਚਾਰਵਾਨ ਛੋਟਾ ਹਿਮਾਲਾ ਅਤੇ ਉਪ-ਹਿਮਾਲਾ ਕਹਿੰਦੇ ਹਨ।[3]

ਉੱਤਰ ਭਾਰਤੀ ਮੈਦਾਨ ਦਾ ਉੱਤਰੀ ਸਿਰਾ ਸਮੁੰਦਰ-ਸਤ੍ਹਾ ਤੋਂ ਹਜ਼ਾਰ ਕੁ

---

[1] ਹਾਰ ਸ਼ਬਦ ਮੌਰੀਆ ਯੁਗ ਦਾ ਹੈ, ਜ਼ਿਲ੍ਹੇ ਦੇ ਅਰਥ ਵਿੱਚ।

[2] ਮਹਾਂ ਭਾਰਤ (ਕੁੰਭਘੋਣਮ ਸੰਸਕਰਣ) 2-28-3, ਜੈ ਚੰਦ੍ਰ ਵਿਦਿਆਲੰਕਾਰ (2931)-ਭਾਰਤ ਭੂਮੀ ਅਤੇ ਉਸ ਦੇ ਨਿਵਾਸੀ, ਪੰਨਾ 311, (1933) ਭਾਰਤੀ ਇਤਿਹਾਸ ਦੀ ਰੂਪ-ਰੇਖਾ, ਪੰਨਾ 1065-66.

[3] ਅੰਗਰੇਜ਼ੀ ਵਿਚ ਮਹਾਂ ਹਿਮਾਲਾ, ਛੋਟਾ ਹਿਮਾਲਾ ਅਤੇ ਉਪ-ਹਿਮਾਲਾ ਦੇ ਲਈ ਸ਼ਬਦ ਹਨ- The Great HImalayas, The Lesser Himalayas ਅਤੇ the Sub Himalayas.

ਫੁਟ ਉੱਚਾ ਹੈ। ਉਪ-ਹਿਮਾਲਾ ਦੇ ਪਹਾੜ ਅਤੇ ਉਸਦੇ ਵਿਚ ਘਿਰੀਆਂ ਦੂਨਾਂ[1], ਜੋ ਦੱਖਣ ਤੋਂ ਉੱਤਰ 25 ਤੋਂ 50 ਮੀਲ ਚੌੜਾਈ ਵਿਚ ਫੈਲੀਆਂ ਹਨ, ਸਾਨੂੰ 3000 ਫੁਟ ਸਤ੍ਹਾ ਤਕ ਪਹੁੰਚਾ ਦੇਂਦੀਆਂ ਹਨ। ਉਸਦੇ ਅੱਗੇ ਛੋਟੇ ਹਿਮਾਲਾ ਦੇ ਪਹਾੜ ਇਕਦਮ ਉੱਚੇ ਉੱਠ ਖੜੋਂਦੇ ਹਨ। ਉਹ 50 ਤੋਂ 70 ਮੀਲ ਚੌੜਾਈ ਵਿਚ ਫੈਲੇ ਹਨ। ਹਿਮਾਲਾ ਦੀਆਂ ਅਨੇਕ ਪ੍ਰਸਿੱਧ ਰਮਣੀਕ ਬਸਤੀਆਂ ਉਨ੍ਹਾਂ ਦੇ ਲੱਕ ਤੇ ਉਸੇ ਤਰ੍ਹਾਂ ਹੀ ਵਸੀਆਂ ਹਨ ਜਿਸ ਤਰ੍ਹਾਂ ਮਾਂ ਦੇ ਲੱਕ ਤੇ ਬੱਚਾ ਟਿਕਿਆ ਰਹਿੰਦਾ ਹੈ; ਪਰ ਅਨੇਕ ਸਥਾਨਾਂ ਤੇ ਛੋਟੇ ਹਿਮਾਲਾ ਦੇ ਪਹਾੜਾਂ ਵਿਚ ਘਿਰੀਆਂ ਹੋਈਆਂ ਸਮਤਲ ਦੂਨਾਂ ਵੀ ਹਨ, ਜਿਨ੍ਹਾਂ ਦੇ ਸਭ ਤੋਂ ਚੰਗੇ ਨਮੂਨੇ ਕਸ਼ਮੀਰ ਅਤੇ ਨਿਪਾਲ ਦੀਆਂ ਦੂਨਾਂ ਹਨ। ਛੋਟੇ ਹਿਮਾਲਾ ਦੀਆਂ ਆਖ਼ਰੀ ਬਸਤੀਆਂ ਦੇ ਸਾਮ੍ਹਣੇ ਵਡੇਰੇ ਹਿਮਾਲਾ ਦੇ ਪਹਾੜ ਇਕਦਮ ਉੱਪਰ ਖੜੇ ਦਿਖਾਈ ਦੇਂਦੇ ਹਨ।

**(ਸ) ਹਿਮਾਲਾ ਦੇ ਪ੍ਰਦੇਸ :** ਨੰਗਾ ਪਰਬਤ ਦੇ ਠੀਕ ਹੇਠਾਂ ਸਿੰਧ ਅਤੇ ਕ੍ਰਿਸ਼ਨ ਗੰਗਾ-ਜਿਹਲਮ ਦੇ ਵਿਚਾਲੇ ਪੋਠੋਹਾਰ, ਦੇ ਉੱਤਰ ਨਾਲ ਲਗਦਾ, ਹਿਮਾਲਾ ਦਾ ਸਭ ਤੋਂ ਪੱਛਮੀ ਜ਼ਿਲ੍ਹਾ ਹਜ਼ਾਰਾ ਜਾਂ ਰਾਸ਼ (ਉਰਸ਼ਾ) ਹੈ। ਕੁਨ੍ਹਾਰ ਨਦੀ ਦੇ ਉੱਤਰ-ਦੱਖਣ ਪਸਰੀ ਰਮਯ ਦੂਨ ਇਸਦਾ ਮੁਖ ਹਿੱਸਾ ਹੈ। ਕੁਨ੍ਹਾਰ ਨਦੀ ਕ੍ਰਿਸ਼ਨ-ਗੰਗਾ-ਸੰਗਮ ਦੇ ਕੁਝ ਹੀ ਹੇਠਾਂ ਜਿਹਲਮ ਵਿਚ ਮਿਲਦੀ ਹੈ।

ਨੰਗਾ ਪਰਬਤ ਤੋਂ ਮਹਾਂ-ਹਿਮਾਲਾ ਦੀ ਧਾਰ ਦੱਖਣ ਪੂਰਬ ਜਾਂਦੇ ਹੋਏ ਦੂਜੀ ਵੱਡੀ ਚੋਟੀ ਕੁਨਕੁਨ ਤੋਂ 40 ਕੁ ਮੀਲ ਪਹਿਲਾਂ ਇਕਦਮ ਹੇਠਾਂ ਡਿਗ ਕੇ ਫਿਰ ਉਠਦੀ ਹੈ। ਉਹ ਹਿੱਸਾ ਜ਼ੋਜੀ-ਲਾ ਅਰਥਾਤ ਜ਼ੋਜੀ ਘਾਟ[2] ਹੈ। ਜ਼ੋਜੀ-ਲਾ ਦੇ ਉੱਤਰ ਸਿੰਧ ਵਿਚ ਮਿਲਣ ਵਾਲੀ ਦ੍ਰਾਸ ਨਦੀ ਦਾ ਸ੍ਰੋਤ ਹੈ, ਉਸਦੇ ਦੱਖਣ ਜਿਹਲਮ ਵਿਚ ਮਿਲਣ ਵਾਲੀ ਸਿੰਧੂ ਨਾਉਂ ਦੀ ਛੋਟੀ ਨਦੀ ਦਾ, ਜਿਸ ਨੂੰ ਉਤਰ-ਗੰਗਾ ਵੀ ਕਹਿੰਦੇ ਹਨ।

---

[1] ਜੰਮੂ ਤੋਂ ਨਿਪਾਲ ਤਕ ਇਨ੍ਹਾਂ ਸੁੰਦਰ ਵਾਦੀਆਂ ਲਈ ਹੀ ਦੂਨ ਸ਼ਬਦ ਪ੍ਰਚਲਿਤ ਹੈ ਜੋ ਸੰਸਕ੍ਰਿਤ ਦ੍ਰੋਣੀ ਦਾ ਦੂਜਾ ਰੂਪ ਹੈ। ਮਾਰਕੰਡੇਯ ਪੁਰਾਣ 55.14; ਵਾਯੂ ਪੁ. 1.36.33; 1.37 1,3 "ਏਤੈਸ਼ਾਂ ਪਰਵਤਾਨਾਂ ਦਰੋਣਯੋਤੀਵ ਮਨੋਹਰਾ :"। ਅਜ ਕਲ ਦੇ ਹਿੰਦੀ ਲੇਖਕ ਅਗਿਆਨਵਸ਼ ਇਸ ਦੇ ਅਰਥ ਵਿਚ ਘਾਟੀ ਸ਼ਬਦ ਵਰਤਦੇ ਹਨ ਜਿਸ ਦਾ ਅਸਲੀ ਅਰਥ ਬਿਲਕੁਲ ਦੂਜਾ ਹੈ।

[2] ਪਹਾੜ ਦੀ ਧਾਰ ਜਾਂ ਸੰਗਲੀ ਤੋਂ ਇਕ ਪਾਸਿਉਂ ਦੂਜੇ ਪਾਸੇ ਉਥੋਂ ਲੰਘਿਆ ਜਾਂਦਾ ਹੈ ਜਿਥੇ ਉਹ ਧਾਰ ਦਾ ਸਭ ਤੋਂ ਹੇਠਲਾ ਹਿਸਾ ਹੋਵੇ, ਅਥਵਾ ਜਿਥੋਂ ਉਹ ਧਾਰ ਟੁੱਟੀ ਹੋਈ ਪ੍ਰਤੀਤ ਹੁੰਦੀ ਹੋਵੇ। ਉਹ ਜਗ੍ਹਾ ਪਹਾੜ ਦੀ ਗਰਦਨ ਦੀ ਤਰ੍ਹਾਂ ਲਗਦੀ ਹੈ। ਗਰਦਨ ਦੀ ਪਿੱਠ ਨੂੰ ਸੰਸਕ੍ਰਿਤ ਵਿਚ ਘਾਟ ਕਹਿੰਦੇ ਹਨ, ਇਸੇ ਲਈ ਪਹਾੜ ਨੂੰ ਲੰਘਣ ਦੇ ਇਹ ਰਸਤੇ ਘਾਟ ਕਹਿਲਾਉਂਦੇ ਹਨ। ਮਹਾਂ ਹਿਮਾਲਾ ਦੇ ਵੱਡੇ ਘਾਟਾਂ ਨੂੰ ਘਾਟਾ ਅਤੇ ਉਪ-ਹਿਮਾਲਾ ਅਤੇ ਰਾਜਸਥਾਨ ਵਿਚ ਛੋਟੇ ਘਾਟਾਂ ਨੂੰ ਘਾਟੀ ਕਹਿਆ ਜਾਂਦਾ ਹੈ। ਪੂਰਬੀ ਪੰਜਾਬ ਦੇ ਪਹਾੜਾਂ ਵਿਚ ਇਹ ਜੋਤ ਕਹਿਲਾਉਂਦੇ ਹਨ—ਬਲਦ ਦੀ ਗਰਦਨ ਤੇ ਜੋਤ ਰੱਖੀ ਜਾਂਦੀ ਹੈ। ਜੋਤ ਦਾ ਅਰਥ ਤਿਬਤੀ ਵਿਚ 'ਲਾ' ਹੈ। ਕਾਂਗੜਾ ਦੂਨ ਵਿਚ ਜੋਤ ਨੂੰ ਘੱਟਾ ਅਤੇ ਕੂਆਲੂ ਭੀ ਕਹਿੰਦੇ ਹਨ। ਘਾਟ ਅਤੇ ਪਹਾੜ ਦੀ ਧਾਰ ਟੁੱਟੀ ਲਗਦੀ ਹੈ, ਇਸੇ ਲਈ ਨਿਪਾਲ ਵਿਚ ਘਾਟ ਨੂੰ ਭੰਜਿਆਂਗ ਕਹਿੰਦੇ ਹਨ। ਡੇਹਰਾਦੂਨ ਜ਼ਿਲੇ ਤੋਂ ਮਿੱਟੀ ਦੀ ਇਕ ਮੋਹਰ ਮਿਲੀ ਸੀ ਜਿਸ ਉੱਪਰ ਸ਼ੁੰਗ ਯੁਗ ਦੀ ਲਿਪੀ ਵਿਚ ਲਿਖਿਆ ਸੀ—ਭਦ੍ਰਮਿਤ੍ਰਸਯ ਦ੍ਰੋਣੀ-ਘਾਟੇ=ਦੂਨ ਦੇ ਘਾਟ ਉਤੇ ਭਦਰ ਮਿਤਰ ਦੀ (ਪਹਿਰਾ ਚੌਕੀ)। ਇਸ ਵਿਚ ਦ੍ਰੋਣੀ ਅਤੇ ਘਾਟ ਦੋਵੇਂ ਸ਼ਬਦ ਹਨ।

ਉੱਤਰ-ਗੰਗਾ ਦੇ ਸ੍ਰੋਤ ਤੋਂ ਮਹਾਂ ਹਿਮਾਲਾ ਦੇ ਪੱਛਮ ਵਲ ਇਕ ਬਾਂਹ ਵਧਾ ਦਿੱਤੀ ਹੈ ਜਿਹੜੀ ਜਿਹਲਮ ਅਤੇ ਕ੍ਰਿਸ਼ਨਗੰਗਾ ਦੇ ਵਿਚ ਪਨਢਾਲ[1] ਦਾ ਕੰਮ ਕਰਦੀ ਹੈ। ਉਹ ਛੋਟੇ ਹਿਮਾਲਾ ਦਾ ਹਰਮੁਕ(ਹਰਮੁਕਟ) ਪਰਬਤ ਹੈ, ਜੋ ਕ੍ਰਿਸ਼ਨਗੰਗਾ ਦੇ ਖੱਬੇ ਖੱਬੇ ਪੱਛਮ ਜਾਣ ਤੋਂ ਬਾਦ ਦੱਖਣ ਵਲ ਘੁੰਮ ਕੇ ਕਾਜਨਾਗ ਪਹਾੜ ਨਾਲ ਜਾ ਮਿਲਦਾ ਹੈ। ਕਾਜਨਾਗ ਬਾਰਾਮੂਲਾ (ਵਰਾਹਮੂਲ) ਦੇ ਦਰ੍ਹੇ ਤੇ ਜਿਹਲਮ ਨੂੰ ਜਾ ਛੂੰਹਦਾ ਹੈ।

ਉਧਰ ਜ਼ੋਜੀ-ਲਾ ਦੇ ਦਸ ਮੀਲ ਪੂਰਬ-ਦੱਖਣ ਪੂਰਬ ਤੋਂ ਮਹਾਂ ਹਿਮਾਲਾ ਦੀ ਇਕ ਹੋਰ ਬਾਂਹ ਸਿੱਧੀ ਦੱਖਣ ਵਲ ਵਧੀ ਹੈ। ਇਹ ਛੋਟੇ ਹਿਮਾਲਾ ਦਾ ਅਮਰਨਾਥ ਪਹਾੜ ਹੈ, ਜੋ ਜਿਹਲਮ ਦੇ ਦੱਖਣੀ ਸ੍ਰੋਤਾਂ ਦੇ ਦੁਆਲੇ ਘੁੰਮਦੇ ਹੋਏ ਅੰਤ ਵਿਚ ਉੱਤਰ-ਪਛਮ ਮੁੜ ਅਤੇ ਢਲ ਕੇ ਇਕ ਪਾਸੇ ਪਹਾੜ ਵਿਚ ਜਾ ਮਿਲਦਾ ਹੈ। ਉਸ ਦਾ ਉਹ ਉਤਾਰ ਬਨਿਹਾਲ (ਵਾਣਸ਼ਾਲਾ) ਜੋਤ ਹੈ। ਉਥੋਂ ਪੱਛਮ ਉੱਤਰ ਮੂੰਹ ਕੀਤੇ ਇਕ ਪਹਾੜ ਬਾਰਾਮੂਲੇ ਦੇ ਸਾਮ੍ਹਣੇ ਤਕ ਚਲਾ ਗਇਆ ਹੈ—ਇਹ ਪੀਰ ਪੰਚਾਲ (ਪੰਚਾਲ ਧਾਰਾ)[2] ਹੈ। ਹਰਮੁਕ, ਕਾਜ਼ਨਾਗ, ਅਮਰਨਾਥ ਅਤੇ ਪੀਰ ਪੰਚਾਲ ਦੇ ਵਿਚ ਘਿਰੀ ਹੋਈ 84 ਮੀਲ ਲੰਮੀ, 25 ਮੀਲ ਚੋੜੀ, ਜਿਹਲਮ ਦੀਆਂ ਉਪਰਲੀਆਂ ਧਾਰਾਂ ਨਾਲ ਸਿੰਜੀ ਕਸ਼ਮੀਰ ਦੀ ਉਹ ਦੂਨ ਹੈ ਜਿਸ ਦੇ ਵਿਸ਼ੇ ਵਿਚ ਫ਼ਾਰਸੀ ਕਵੀ ਨੇ ਕਹਿਆ ਸੀ—

ਅਗਰ ਫ਼ਿਰਦੌਸ ਬਰ ਰੁਏ ਜ਼ਮੀਨ ਅਸਤ
ਹਮੀਨਸਤੋ, ਹਮੀਨਸਤੋ, ਹਮੀਨਸਤ ।

ਜੇ ਜ਼ਮੀਨ ਤੇ ਕਿਧਰੇ ਸੁਰਗ ਹੈ ਤਾਂ ਇਹੋ ਹੈ, ਇਹੋ ਹੈ, ਇਹੋ ਹੈ। ਕਸ਼ਮੀਰ ਦੇ ਉੱਤਰ ਵਲ ਹਰਮੁਕ ਪਹਾੜ ਅਤੇ ਮਹਾਂ-ਹਿਮਾਲਾ ਦੇ ਵਿਚ ਕ੍ਰਿਸ਼ਨ ਗੰਗਾ ਦੀ ਉਪਰਲੀ ਦੂਨ ਦਰਦ ਦੇਸ਼ ਦਾ ਦੱਖਣੀ ਭਾਗ ਹੈ। ਅਸੀਂ ਵੇਖਾਂਗੇ ਕਿ ਦਰਦ ਦੇਸ਼ ਦਾ ਉੱਤਰੀ ਭਾਗ ਹਿਮਾਲਾ ਦੇ ਉਸ ਪਾਰ ਸਿੰਧ ਦੂਨ ਦੇ ਉੱਤਰ ਤਕ ਫੈਲਿਆ ਹੋਇਆ ਹੈ।

ਕਸ਼ਮੀਰ ਦੀ ਤਰਾਈ ਵਿਚ ਉਪ-ਹਿਮਾਲਾ ਵਿਚ ਜਿਹਲਮ ਤੋਂ ਝਨਾਂ ਤਕ ਦਾ ਪ੍ਰਦੇਸ਼ ਛਿਭਾਲ (ਅਭਿਸਾਰ) ਅਤੇ ਝਨਾਂ ਰਾਵੀ ਦੇ ਵਿਚ ਦਾ ਡੁਗਰ (ਦਾਰਵ) ਹੈ। ਸਾਡੇ ਪੁਰਾਤਨ ਸਾਹਿਤ ਵਿਚ ਦਾਰਵਾ-ਭਿਸਾਰ ਦਾ ਨਾਉਂ ਅਕਸਰ ਇਕੱਠਾ ਆਉਂਦਾ ਹੈ।

ਅਮਰਨਾਥ ਪਹਾੜ ਦੇ ਪੂਰਬੀ ਚਰਨਾਂ ਨੂੰ ਧੋਂਦੀ ਹੋਈ ਮਰੂਵਰਦਵਾਨ (ਮਰੁਦਵਰਿਧਾ) ਨਦੀ ਕਸ਼ਟਵਾਰ (ਕਸਟਵਾਟ) ਉੱਤੇ ਝਨਾਂ ਵਿਚ ਜਾ ਮਿਲਦੀ ਹੈ। ਉਹੀ ਝਨਾਂ ਦਾ ਪਹਿਲਾ ਦੱਖਣੀ ਮੋੜ ਹੈ। ਉੱਥੋਂ ਛੋਟੇ ਹਿਮਾਲਾ ਦਾ ਇਕ ਪਹਾੜ ਦੱਖਣ-ਪੂਰਬ ਵਲ ਚਲਾ ਗਿਆ ਹੈ ਜਿਸਦੇ ਕਾਰਨ ਝਨਾਂ ਨੂੰ ਜਨਮ ਦੇ ਪਿੱਛੋਂ ਆਮ ਤੋਰ ਤੇ ਸਵਾ ਸੌ ਮੀਲ ਉੱਤਰ ਪੱਛਮ ਵਲ ਵਗਣਾ ਪੈਂਦਾ ਹੈ। ਭਾਰਤ ਦੇ ਭੂਗੋਲਿਕ ਨਕਸ਼ਿਆਂ ਵਿਚ ਇਸ ਨੂੰ ਪੀਰ ਪੰਚਾਲ ਦਾ ਹੀ ਵਧਿਆ ਹੋਇਆ ਭਾਗ ਮੰਨਿਆ ਗਿਆ ਹੈ। ਝਨਾਂ ਦੀ ਉਹ ਉੱਪਰਲੀ ਧਾਰਾ ਹੁਣ ਵੀ ਆਪਣੇ ਸੰਸਕ੍ਰਿਤ

---

[1] ਪਨਢਾਲ ਸ਼ਬਦ watershed ਜਾਂ ਜਲ-ਵਿਭਾਜਕ ਦੇ ਅਰਥ ਵਿਚ ਕਮਾਉਂ-ਗੜ੍ਹਵਾਲ ਵਿਚ ਆਮ ਪ੍ਰਚਲਿਤ ਹੈ।

[2] ਕਸ਼ਮੀਰੀ ਉਚਾਰਣ-ਪੀਰ ਪੰਚਾਲ; ਪੰਜਾਬੀ ਉਚਾਰਣ-ਪੀਰ ਪੰਜਾਲ।

ਨਾਮ ਚੰਦਰ ਭਾਗਾ ਨਾਲ ਬੁਲਾਈ ਜਾਂਦੀ ਹੈ ।

ਕਸ਼ਟਵਾਰ ਤੋਂ ਠੀਕ ਉੱਪਰ ਉਸਦੀ ਦੂਨ ਵਿਚ ਪਾਂਗੀ ਦਾ ਇਕਾਂਤ ਪ੍ਰਦੇਸ਼ ਹੈ। ਫਿਰ ਤ੍ਰਿਲੋਕਨਾਥ ਬਸਤੀ ਦੇ ਉੱਪਰ ਚੰਦਰ ਭਾਗਾ ਦੀ ਦੂਨ ਅਤੇ ਉਸਦੀਆਂ ਦੋ ਮੂਲ ਧਾਰਾਂ-ਭਾਗਾ ਅਤੇ ਚੰਦਰਾ-ਦੀਆਂ ਦੂਨਾਂ ਨਾਲ ਲਾਹੁਲ ਪ੍ਰਦੇਸ਼ ਬਣਿਆ ਹੈ ।

ਕਸ਼ਟਵਾਰ ਵਾਲੇ ਮੋੜ ਤੋਂ ਪਿੱਛੋਂ ਝਨਾਂ ਸੱਠ ਕੁ ਮੀਲ ਪੱਛਮ ਵਹਿ ਕੇ ਫਿਰ ਦੱਖਣ ਵਲ ਪੰਜਾਬ ਦੇ ਮੈਦਾਨ ਵਿਚ ਉਤਰਦੀ ਹੈ। ਠੀਕ ਇਸ ਦੂਸਰੇ ਮੋੜ ਤੇ ਉਸ ਵਿਚ ਉੱਤਰ ਤੋਂ ਅਸ ਨਦੀ ਮਿਲਦੀ ਹੈ ਜਿਹੜੀ ਝਨਾਂ ਦੇ ਵੈਦਿਕ ਨਾਉਂ ਆਸਕਨੀ ਦੀ ਯਾਦ ਦਿਵਾਉਂਦੀ ਹੈ। ਝਨਾਂ ਦੇ ਇਸ ਮੋੜ ਦੇ ਅੰਦਰ ਛੋਟੇ ਹਿਮਾਲਾ ਦੇ ਇਕ ਹੋਰ ਪ੍ਰਸਿੱਧ ਪਹਾੜ ਧੌਲਾਧਾਰ ਦਾ ਪੱਛਮੀ ਕਿਨਾਰਾ ਹੈ। ਉਹ ਧਾਰ[1] ਸਤਲੁਜ ਦੇ ਪੂਰਬ ਮਹਾਂ-ਹਿਮਾਲਾ ਤੋਂ ਫੁਟ ਕੇ ਉੱਤਰ ਪੱਛਮ ਵੱਲ ਮੂੰਹ ਕਰ ਕੇ ਸਤਲੁਜ ਬਿਆਸ ਅਤੇ ਰਾਵੀ ਨੂੰ ਰਸਤਾ ਦੇਂਦੇ ਹੋਏ ਝਨਾਂ ਤਕ ਪਹੁੰਚਦੀ ਹੈ।

ਚੰਦਰਭਾਗਾ, ਰਾਵੀ ਅਤੇ ਬਿਆਸ ਦੀਆਂ ਉੱਪਰਲੀਆਂ ਪੱਛਮ ਵਲ ਲਗਦੀਆਂ ਧਾਰਾਂ ਉੱਤਰ ਤੋਂ ਦੱਖਣ ਆਮ ਤੌਰ ਤੇ ਇਕ ਦੂਸਰੇ ਦੇ ਅਜੇਹੀਆਂ ਸਮਾਨ ਹਨ ਜਿਸ ਤਰ੍ਹਾਂ ਕ੍ਰਿਸ਼ਨ ਗੰਗਾ ਅਤੇ ਸਿੰਧ। ਚੰਦਰਭਾਗਾ ਦੀ ਦੂਨ ਮਹਾਂ-ਹਿਮਾਲੀਆ ਅਤੇ ਪੀਰ ਪੰਚਾਲ ਦੇ ਵਿਚਕਾਰ, ਰਾਵੀ ਦੀ 'ਪੀਰ ਪੰਚਾਲ' ਅਤੇ ਧੌਲਾ ਧਾਰ ਦੇ ਵਿਚ ਅਤੇ ਬਿਆਸ ਦੀ ਧੌਲਾਧਾਰ ਜਾਂ ਉਪਤਿਆਕਾ ਦੇ ਪਹਾੜਾਂ ਦੇ ਵਿਚ ਹੈ। ਪੀਰ ਪੰਚਾਲ ਅਤੇ ਧੌਲਾਧਾਰ ਦੇ ਵਿਚ ਝਨਾਂ ਦੀ ਦੂਨ ਵਿਚ ਭਦਰਵਾ (ਭਦਰਾ ਵਕਾਸ਼) ਅਤੇ ਰਾਵੀ ਦੀ ਉੱਪਰਲੀ ਦੂਨ ਵਿਚ ਚੰਬਾ (ਚੰਪਾ) ਪ੍ਰਦੇਸ਼ ਹੈ ।

ਮਹਾਂ-ਹਿਮਾਲਾ ਦੀ ਸ਼ਕਲ ਇਕ ਤਲਵਾਰ ਦੀ ਤਰ੍ਹਾਂ ਹੈ ਜਿਸਦੀ ਮੁਠ ਨੰਗਾ ਪਹਾੜ ਹੈ। ਮੁੱਠ ਦੇ ਕੁਜ ਹੇਠਾਂ ਜਿਸ ਤਰ੍ਹਾਂ ਤਲਵਾਰ ਲਹਿਰਾ ਜਾਂਦੀ ਹੈ ਉਸੇ ਤਰ੍ਹਾਂ ਹੀ ਨੰਗਾ ਪਹਾੜ ਤੋਂ ਕਰੀਬ ਦੋ ਸੌ ਮੀਲ ਦੱਖਣ ਪੂਰਬ ਜਾਣ ਤੋਂ ਪਿੱਛੋਂ ਬਾਰਾਲਚਾ ਜੋਤ ਤੇ ਚੰਦਰਾ ਦੇ ਸ੍ਰੋਤ ਵਿਚ ਮਹਾਂ-ਹਿਮਾਲਾ ਸੰਗਲੀ ਸਿੱਧੀ ਦੱਖਣ ਨੂੰ ਮੁੜ ਗਈ ਹੈ। ਚੰਦਰਾ ਦੇ ਪੱਛਮੀ ਮੋੜ ਦੇ ਅੱਗੇ ਉਹ ਦੱਖਣ ਵਲ ਵਧਦੀ ਗਈ ਹੈ, ਉਥੇ ਹੀ ਉਸ ਵਿਚ ਬਿਆਸ ਦੇ ਸ੍ਰੋਤ ਹਨ। 'ਪੀਰ ਪੰਚਾਲ' ਦਾ ਪੂਰਬੀ ਸਿਰਾ ਚੰਦਰਾ ਦੇ ਮੋੜ ਤੇ ਹੈ । ਵੈਸੇ ਇਥੇ ਮਹਾਂ-ਹਿਮਾਲਾ ਦੇ ਠੀਕ ਸਾਹਮਣੇ ਹੇਠਾਂ ਧੌਲਾਧਾਰ ਆ ਗਈ ਹੈ ਅਤੇ ਉਨ੍ਹਾਂ ਦੋਨਾਂ ਦੇ ਵਿਚ ਦੀ ਬਿਆਸ ਦੀ ਦੂਨ ਕੁਲੂ (ਕਲੂਤ) ਹੈ। ਧੌਲਾਧਾਰ ਦੀ ਘਾਟੀ ਵਿਚ ਰਾਵੀ ਅਤੇ ਬਿਆਸ ਦੇ ਵਿਚ ਕਾਂਗੜਾ (ਕੀਰ) ਪ੍ਰਦੇਸ਼ ਹੈ।

ਬਿਆਸ ਅਤੇ ਸਤਲੁਜ ਦੇ ਵਿਚ ਉਪਗਿਰੀ ਦੀ ਦੋਹਰੀ ਕਤਾਰ ਹੈ । ਅਗਲੀ ਕਤਾਰ ਸ਼ਿਵਾਲਕ ਕਹਿਲਾਉਂਦੀ ਹੈ ਅਤੇ ਪਿਛਲੀ ਸੋਲਾ-ਸਿੰਗੀ । ਕਾਂਗੜੇ ਦੇ ਦੱਖਣ-ਪੂਰਬ, ਧੌਲਾਧਾਰ ਅਤੇ ਸੋਲਾ-ਸਿੰਗੀ ਦੇ ਵਿਚ ਬਿਆਸ ਦੀ ਕੁੱਲੂ ਦੇ ਹੇਠਾਂ ਵਾਲੀ ਦੂਨ ਵਿਚ ਮੰਡੀ ਅਤੇ ਸਤਲੁਜ ਦੀ ਦੂਨ ਵਿਚ ਸੁਕੇਤ ਪ੍ਰਦੇਸ਼ ਹੈ। ਸੁਕੇਤ ਦੇ ਹੇਠਾਂ ਦੀ ਘਾਟੀ ਵਿਚ ਸੋਲਾ-ਸਿੰਗੀ ਅਤੇ ਸ਼ਵਾਲਕ ਦੇ ਹੇਠਾਂ ਨਾਲਾਗੜ੍ਹ ਹੈ ।

---

[1] ਧਾਰ=ਧਾਰਾ=ਲੜੀ, ਜਿਸ ਤਰ੍ਹਾਂ ਪੰਚਾਲ ਧਾਰਾ ।

ਸਤਲੁਜ ਦੇ ਪੂਰਬ ਤੋਂ ਮਹਾਂ-ਹਿਮਾਲਾ ਸੰਗਲੀ ਫਿਰ ਦੱਖਣ ਪੂਰਬ ਵਲ ਮੁੜਦੀ ਅਤੇ ਅੰਤ ਵਿਚ ਬ੍ਰਹਮਪੁੱਤਰ ਦੇ ਸਾਹਮਣੇ ਤਲਵਾਰ ਦੀ ਨੋਕ ਦੀ ਤਰ੍ਹਾਂ ਉੱਤਰ ਵਲ ਮੁੜ ਜਾਂਦੀ ਹੈ। ਉਹ ਜਿੱਥੇ ਸਤਲੁਜ ਨੂੰ ਰਸਤਾ ਦੇਂਦੀ ਹੈ ਉੱਥੇ ਉਸਦੇ ਦੋਨੋਂ ਪਾਸੇ ਕਨੌਰ (ਕਿੰਨਰ)[1] ਪ੍ਰਦੇਸ ਹੈ, ਜੋ ਦਰਦ-ਦੇਸ਼ ਦੀ ਤਰ੍ਹਾਂ ਮਹਾਂ-ਹਿਮਾਲਾ ਦੇ ਦੋਨੋਂ ਪਾਸੇ ਵਸਿਆ ਹੈ।

ਸਤਲੁਜ ਅਤੇ ਜਮਨਾ ਦੇ ਵਿਚ ਛੋਟੇ ਹਿਮਾਲਾ ਅਤੇ ਉਪ-ਹਿਮਾਲਾ ਵਿਚ ਕ੍ਰਿਉਂਠਲ, ਬਘਾਟ, ਜੁੱਬਲ, ਸਰਮੌਰ ਅਤੇ ਜੌਨਸਾਰ ਪ੍ਰਦੇਸ਼ ਹਨ। ਬਘਾਟ ਦੀ ਤਰਾਈ ਵਿਚ ਕਾਲਕਾ ਦੇ ਕੋਲੋਂ ਘੱਗਰ (ਦ੍ਰਿਸ਼ਦੁਤੀ) ਨਦੀ ਨਿਕਲਦੀ ਹੈ ਅਤੇ ਸਰਮੌਰ ਦੀ ਤਰਾਈ ਵਿਚ ਸਢੌਰੇ ਦੇ ਨੇੜਿਉਂ ਸਰਸਵਤੀ।

## 4. ਹਿਮਾਲਾ ਅਤੇ ਸਿੰਧ ਪਾਰ ਦੇ ਪਹਾੜ, ਪਾਣੀ ਅਤੇ ਪ੍ਰਦੇਸ਼

**(ੳ) ਹਿਮਾਲਾ ਤੋਂ ਸਰੀਕੋਲ ਤਕ :** ਸਾਡੇ ਪੁਰਾਤਨ ਸਾਹਿਤ ਵਿਚ ਹਿਮਗਿਰੀ ਸ਼ਬਦ ਬਹੁਤ ਵਾਰ ਸਧਾਰਣ ਰੂਪ ਵਿਚ ਭਾਰਤ ਦੀ ਉੱਤਰ-ਪੱਛਮੀ ਹੱਦ ਦੇ ਸਾਰੇ ਪਹਾੜਾਂ ਵਾਸਤੇ ਵਰਤਿਆ ਗਿਆ ਹੈ। ਪਰੰਤੂ ਅਜ ਕਲ ਦੇ ਭੂਗੋਲ ਗਿਆਨੀ, ਜਿਸ ਤਰ੍ਹਾਂ ਅਸੀਂ ਵੇਖ ਚੁਕੇ ਹਾਂ, ਹਿਮਾਲਾ ਨਾਉਂ ਦਾ ਪ੍ਰਯੋਗ ਹੱਦ ਦੇ ਅਰਥ ਵਿਚ ਕਰਦੇ ਹਨ। ਮਹਾਂ-ਹਿਮਾਲਾ ਦੇ ਦੱਖਣ ਵਲ ਦੀਆਂ ਦੋ ਪਉੜੀਆਂ ਅਤੇ ਅਵਸ਼ਟੰਭਗਿਰੀਆਂ[2] ਰੋਕਣ ਵਾਲੇ ਪਹਾੜਾਂ ਦੀ ਤਰ੍ਹਾਂ ਉੱਤਰ ਵਲ ਵੀ ਕਈ ਪਹਾੜ ਹਨ ਜਿਨ੍ਹਾਂ ਨੂੰ ਆਧੁਨਿਕ ਭੂਗੋਲ ਗਿਆਨੀਆਂ ਨੇ ਨਵੇਂ ਨਾਉਂ ਦਿੱਤੇ ਹਨ।

ਮਾਨਸਰੋਵਰ ਅਤੇ ਗੁਰਲਾ ਮਾਨਧਾਤਾ ਪਰਬਤ ਦੇ ਦੱਖਣ ਵਲ, ਕਰਬਲੀ ਨਦੀ ਦੇ ਸੱਜੇ ਪਾਸੇ, ਮਹਾਂ-ਹਿਮਾਲਾ ਵਿਚੋਂ ਫੱਟ ਕੇ ਇਕ ਉੱਚਾ ਪਰਬਤ ਪੱਛਮ ਉੱਤਰ-ਪੱਛਮ ਰੁਖ ਕੀਤੇ ਜ਼ੋਜੀ-ਲਾ ਦੇ ਉੱਤਰ ਵਲ ਸਿੰਧ ਵਿਚ ਮਿਲਣ ਵਾਲੀ ਜ਼ੰਗਸੱਕਰ ਨਦੀ ਤਕ ਚਲਾ ਗਿਆ ਹੈ। ਉਸਨੂੰ ਆਧੁਨਿਕ ਭੂਗੋਲ-ਵਿਗਿਆਨੀਆਂ ਨੇ ਜ਼ੰਗਸੱਕਰ ਨਾਉਂ ਦਿੱਤਾ ਹੈ। ਗੰਗਾ ਦੀਆਂ ਮੂਲਧਾਰਾਂ—ਧੌਲੀ ਗੰਗਾ, ਵਿਸ਼ਨੂੰ ਗੰਗਾ, ਅਤੇ ਜਾਹਨਵੀ-ਦੇ ਸ੍ਰੋਤ ਇਸੇ ਵਿਚ ਹਨ : ਅਤੇ 'ਕਨੌਰ' ਪ੍ਰਦੇਸ਼ ਦਾ ਉੱਤਰੀ ਢਾਸਣਾ ਵੀ ਇਸੇ ਨੇ ਬਣਾਇਆ ਹੈ। ਚੰਦਰਾ ਅਤੇ ਬਿਆਸ ਜਿੱਥੇ ਮਹਾਂ ਹਿਮਾਲਾ ਵਿਚੋਂ ਹੋ ਕੇ ਨਿਕਲਦੀਆਂ ਹਨ, ਉਥੇ ਹੀ ਹਿਮਾਲਾ ਦੇ ਦੂਜੇ ਪਾਸੇ ਅਤੇ ਜ਼ੰਗਸੱਕਰ ਪਹਾੜ ਦੇ ਵਿਚੋਂ ਵਗਦੀ ਹੋਈ ਸਪੀਤੀ ਨਦੀ ਕਨੌਰ ਪਹੁੰਚ ਕੇ ਸਤਲੁਜ ਵਿਚ ਮਿਲਦੀ ਹੈ।

ਭੂਟਾਨ ਦੇ ਉੱਤਰ ਹਿਮਾਲਾ ਦੀ ਚੁਮਲਹਾਰੀ ਚੋਟੀ ਵਿਚੋਂ ਫੱਟ ਕੇ ਇਕ ਹੋਰ ਲੜੀ ਬ੍ਰਹਮਪੁੱਤਰ ਦੇ ਸੱਜੇ ਪਾਸੇ ਅਤੇ ਫਿਰ ਜ਼ਿਆਦਾਤਰ ਸਿੰਧ ਦੇ ਨਾਲ ਨਾਲ ਲੱਦਾਖ਼

---

[1]ਕਨੌਰ ਹੀ ਪੁਰਾਤਨ ਕਿੰਨਰ ਦੇਸ਼ ਹੈ। ਇਹ ਗੱਲ ਸਭ ਤੋਂ ਪਹਿਲਾਂ ਮੈਂ (1930)-ਰਘੁਜ਼ ਲਾਇਨ ਆਫ ਕੌਂਕਵੈਸਟ ਅਲੌਂਗ ਇੰਡੀਆਜ਼ ਨੌਰਦਰਨ ਬਾਰਡਰ, ਪਰੋਸੀਡਿੰਗਜ਼ ਆਫ਼ ਦੀ ਸਿਕਸਥ ਆਲ-ਇੰਡੀਆ ਓਰੀਐਂਟਲ ਕਾਨਫਰੇਂਸ (ਭਾਰਤ ਦੀ ਉੱਤਰੀ ਹੱਦਾਂ ਦੇ ਨਾਲ ਰਘੂ ਦੀ ਜਿਤ-ਰੇਖਾ, ਛੇਵੇਂ ਭਾਰਤੀ-ਪੂਰਬੀ ਵਿਦਿਆ ਸੰਮੇਲਨ ਦੇ ਕੰਮ ਦਾ ਵਰਣਨ) ਪੰਨਾ 111 ਪ੍ਰ੦ ; (1931) ਭਾਰਤ ਭੂਮੀ ਅਤੇ ਉਸਦੇ ਨਿਵਾਸੀ ਪੰਨਾ 299, 305-8, 315-16, ਅਤੇ (1933) ਭਾਰਤੀ ਇਤਿਹਾਸ ਦੀ ਰੂਪ-ਰੇਖਾਪੰਨਾ 1060-63 ਵਿਚ ਸਿੱਧ ਕੀਤੀ ਗਈ ਸੀ।

[2]ਅਵਸ਼ਟੰਭ-ਗਿਰੀ ਸ਼ਬਦ ਪੁਰਾਣਾਂ ਦਾ ਹੈ। ਮਾਰਕੰਡੇ ਪੁਰਾਣ 45, 19—21; ਸ੍ਰੀਮਦਭਾਗਵਤ 5, 6, 11

ਪ੍ਰਦੇਸ਼ ਵਿਚ ਹੁੰਦੀ ਹੋਈ ਸਿੰਧ ਦੇ ਅੰਤਿਮ ਮੋੜ ਤਕ ਚਲੀ ਗਈ ਹੈ ਜਿਸ ਨੂੰ ਲੱਦਾਖ਼ ਲੜੀ ਦਾ ਨਾਉਂ ਦਿੱਤਾ ਗਿਆ ਹੈ। ਮਾਨਸਰੋਵਰ ਦੱਖਣ ਦਾ ਗੁਠਲਾ ਮਾਨਧਾਤਾ ਪਰਬਤ ਇਸੇ ਸੰਗਲੀ ਵਿਚ ਹੈ। ਘਾਗਰਾ, ਗੰਡਕ ਅਤੇ ਕੋਸੀ ਨਦੀਆਂ ਦੇ ਸ੍ਰੋਤ ਇਸੇ ਵਿਚ ਹਨ। ਜ਼ੰਗਸੱਕਰ ਸੰਗਲੀ ਜਿੱਥੇ ਹਿਮਾਲਾ ਦੇ ਪੱਛਮ ਦਿਸ਼ਾ ਵਿਚ ਉਸਦੀ ਪਿੱਠ ਪਿੱਛੇ ਖਲੋਤੀ ਹੈ, ਉਥੇ ਲੱਦਾਖ਼ ਲੜੀ ਸਮੁੱਚੇ ਹਿਮਾਲਾ ਦੇ ਪਿੱਛੇ ਉਸੇ ਤਰ੍ਹਾਂ ਫੈਲੀ ਹੈ।

ਲੱਦਾਖ਼ ਸੰਗਲੀ ਦੇ ਉੱਤਰ ਵਲ ਅਜੇਹੀ ਇਕ ਹੋਰ ਸੰਗਲੀ ਬਰਾਬਰ ਚਲੀ ਗਈ ਹੈ, ਜਿਸ ਵਿਚੋਂ ਅਤਿ ਪ੍ਰਸਿਧ ਕੈਲਾਸ਼ ਪਰਬਤ ਹੈ। ਉਸਨੂੰ ਕੈਲਾਸ਼ ਸੰਗਲੀ ਨਾਉਂ ਦਿੱਤਾ ਗਿਆ ਹੈ। ਇਸਦਾ ਪੱਛਮੀ ਕਿਨਾਰਾ ਗਿਲਗਿਤ ਨਦੀ ਵਿਚ ਮਿਲਣ ਵਾਲੀ ਹੁੰਜ਼ਾ ਨਦੀ ਦੇ ਘੁੰਮਾਵ ਦੇ ਅੰਦਰ ਅਤੇ ਪੂਰਬੀ ਕਿਨਾਰਾ ਕਾਠਮਾਂਡੂ ਦੀ ਸੇਧ ਤੋਂ ਲਗਭਗ 30 ਮੀਲ ਪੱਛਮ ਬ੍ਰਹਮਪੁੱਤਰ ਦੇ ਉੱਤਰ ਵਲ ਹੈ।

ਕੈਲਾਸ਼ ਲੜੀ ਦੇ ਵੀ ਉੱਤਰ, ਪਰੰਤੂ ਸਿਰਫ਼ ਉਸਦੇ ਪੱਛਮੀ ਹਿੱਸੇ ਦੇ ਬਰਾਬਰ, ਕਰਾਕੋਰਮ ਜਾਂ ਮੁਜ਼ਤਾਗ ਸੰਗਲੀ ਹੈ। ਹੁੰਜ਼ਾ ਨਦੀ ਦੇ ਸੱਜੇ ਤੋਂ ਸ਼ੁਰੂ ਹੋ ਕੇ ਪੂਰਬ ਵਲ ਉਹ ਬ੍ਰਹਮਪੁੱਤਰ ਦੇ ਸ੍ਰੋਤ ਤੋਂ ਲਗਭਗ ਦੋ ਸੌ ਮੀਲ ਉੱਤਰ ਤਕ ਪਹੁੰਚ ਕੇ ਤਿੱਬਤ ਦੇ ਪਠਾਰ ਵਿਚ ਢਲ ਗਈ ਹੈ। ਕਰਾਕੋਰਮ ਅਤੇ ਮੁਜ਼ਤਾਗ ਦੋਵੇਂ ਤੁਰਕੀ ਸ਼ਬਦ ਹਨ। ਮੁਜ਼ ਦੇ ਅਰਥ ਹਨ ਹਿਮ (ਬਰਫ਼), ਤਾਗ ਦੇ ਅਰਥ ਗਿਰੀ (ਪਹਾੜ); ਮੁਜ਼ਤਾਗ ਵੈਸੇ ਹਿਮਗਿਰੀ ਦਾ ਸ਼ਬਦਾਰਥ ਹੈ।


ਤਿੱਬਤ ਦੇ ਪਠਾਰ ਨੂੰ ਹਿਮਾਲਾ ਜ਼ੰਗਸੱਕਰ, ਲੱਦਾਖ਼ ਅਤੇ ਕੈਲਾਸ਼ ਪਹਾੜ ਜਿਸ ਤਰ੍ਹਾਂ ਦੱਖਣ ਵਲ ਅਤੇ ਕਰਾਕੋਰਮ ਪੱਛਮ ਵਲ ਹੋਏ ਹਨ, ਵੈਸੇ ਹੀ ਕਿਉਨਲਨ ਪਰਬਤ ਉਸਦਾ ਉੱਤਰੀ ਬੰਨ੍ਹ ਹੈ। ਕਰਾਕੋਰਮ ਅਤੇ ਕਿਉਨਲਨ ਦੇ ਵਿਚਕਾਰ ਰਸਕਮ ਦਰਿਆ ਦੀ ਲੰਮੀ ਇਕਾਂਤ ਦੂਨ ਚਲੀ ਗਈ ਹੈ। ਰਸਕਮ ਘਾਟੇ ਤੋਂ ਉਤਰਦਾ ਅਤੇ ਅੱਗੇ ਚੀਨੀ ਤੁਰਕਿਸਤਾਨ ਵਿਚ ਜਾ ਕੇ ਯਾਰਕੰਦ ਕਹਿਲਾਂਦਾ ਹੈ। ਚੀਨੀ ਉਸਨੂੰ ਸੀ-ਤੋ ਕਹਿੰਦੇ ਹਨ ਜੋ ਉਸਦੇ ਮੁਢਲੇ ਸੰਸਕ੍ਰਿਤ ਨਾਉਂ ਸੀਤਾ ਦਾ ਦੂਸਰਾ ਰੂਪ ਹੈ।

ਮੁਜ਼ਤਾਗ ਦੇ ਪੱਛਮੀ ਕਿਨਾਰੇ ਦੇ ਨਜ਼ਦੀਕ ਹੀ ਹਿੰਦੂਕੁਸ਼ ਜਾਂ ਹਿੰਦਕੋਹ[1] ਦਾ ਪੂਰਬੀ ਕਿਨਾਰਾ ਹੈ। ਉਸ ਦੇ ਲਾਗਿਉਂ ਹੀ ਉੱਠ ਕੇ ਸਰੀਕੋਲ ਸੰਗਲੀ ਉੱਤਰ ਵਲ ਚਲੀ ਗਈ ਹੈ। ਸਰੀਕੋਲ ਪਾਮੀਰ ਪਠਾਰ ਦੀ ਧੁਰੀ ਹੈ; ਉਹਦੇ ਦੋਹਾਂ ਪਾਸੇ ਪਾਮੀਰ ਫੈਲੇ ਹੋਏ ਹਨ। 'ਪਾਮੀਰ' ਦਾ ਅਰਥ ਕੀਤਾ ਜਾਂਦਾ ਹੈ ਪਾਏਮੀਹ—ਪਹਾੜਾਂ ਦੇ ਚਰਨ। ਉਹ ਲੰਮੀਆਂ ਦੂਨਾਂ ਹਨ ਜੋ ਸਰੀਕੋਲ ਦੇ ਚਰਨਾਂ ਤੋਂ ਚਕਰਦਾਰ ਢਾਲਾਂ ਵਿਚ ਘੁੰਮਦੀਆਂ ਹੋਈਆਂ ਹੇਠਾਂ ਉਤਰ ਜਾਂਦੀਆਂ ਹਨ। ਉਸ ਵਿਚੋਂ ਬਹੁਤੀਆਂ ਨੂੰ (Oxus) ਵੰਕਸ਼ੂ ਦੀਆਂ ਅਨੇਕ ਧਾਰਾਂ ਸਿੰਜਦੀਆਂ ਹਨ। ਵੰਕਸ਼ੂ ਦਾ ਲੰਮਾ ਉਤਰੀ ਮੋੜ ਪਾਮੀਰ ਪਠਾਰ ਦੀ ਪੱਛਮੀ ਹੱਦ ਹੈ।

**(ਅ) ਤਿੱਬਤ ਦਰਦ, ਪਾਮੀਰ** : ਜ਼ੋਜੀ-ਲਾ ਜਿਸ ਤਰ੍ਹਾਂ ਮਹਾਨ ਜਲ ਵੰਡਣ

---

[1] ਅਫ਼ਗ਼ਾਨਿਸਤਾਨ ਦਾ ਪ੍ਰਸਿੱਧ ਪਰਬਤ ਹਿੰਦੂਕੁਸ਼ ਕਹਲਾਉਂਦਾ ਰਿਹਾ ਹੈ। ਸੰਨ 1956 ਵਿਚ ਅਫ਼ਗ਼ਾਨ ਸਰਕਾਰ ਦੇ ਇਕ ਆਦੇਸ਼ ਦੁਆਰਾ ਉਸਦਾ ਨਾਉਂ ਹਿੰਦਕੋਹ ਰਖਿਆ ਗਿਆ ਹੈ। ਹਿੰਦਕੋਹ =ਭਾਰਤ-ਪਰਬਤ।




ਨਕਸ਼ਾ-2. ਪ੍ਰਾਚੀਨ ਉੱਤਰ-ਪਥ ਦਾ ਕੇਂਦਰੀ ਅੰਸ਼

(ਨਦੀਆਂ ਤੇ ਨਗਰਾਂ ਦੇ ਜਿਨਾਂ ਨਾਵਾਂ ਹੇਠ ਲੀਕਾਂ ਪਈਆਂ ਹਨ, ਉਹ ਪੁਰਾਣੇ ਨਾਂ ਹਨ)

| | | | | | |
|---|---|---|---|---|---|
| ਹ ਹ ਹ ਹ | = ਮਹਾਂ-ਹਿਮਾਲਾ ਸੰਗਲੀ | ਅ ਅ ਅ ਅ | = ਅਗਿਲ ਸੰਗਲੀ | ਅਲ ਅਲ ਅਲ ਅਲ | = ਅਲਈ ਸੰਗਲੀ |
| ਛਹ ਛਹ ਛਹ ਛਹ | = ਛੋਟਾ ਹਿਮਾਲਾ ਸੰਗਲੀ | ਕ ਕ ਕ ਕ | = ਕਯੂਨ ਲੁਨ ਸੰਗਲੀ | ਹਿਸ ਹਿਸ ਹਿਸ ਹਿਸ | = ਹਿਸਾਰ ਸੰਗਲੀ |
| ਉ ਉ ਉ ਉ | = ਉਪ-ਹਿਮਾਲਾ ਜਾਂ ਸ਼ਿਵਾਲਕ ਸੰਗਲੀ | ਮੁਅ ਮੁਅ ਮੁਅ ਮੁਅ | = ਮੁਜ਼ਤਾਗ ਅਤਾ ਜਾਂ ਕਾਸ਼ਗਰ ਸੰਗਲੀ | ਸਵ ਸਵ ਸਵ ਸਵ | = ਜ਼ਰਫਸ਼ਾਂ ਸੰਗਲੀ |
| ਸ਼ਕ ਸ਼ਕ ਸ਼ਕ ਸ਼ਕ | = ਸ਼ਕੇਸਰ ਸੰਗਲੀ | ਸ ਸ ਸ ਸ | = ਸਰੀਕੋਲ ਸੰਗਲੀ | ਤੁ ਤੁ ਤੁ ਤੁ | = ਤੁਰਕਿਸਤਾਨ ਸੰਗਲੀ |
| ਜ ਜ ਜ ਜ | = ਜੰਸਕਰ ਸੰਗਲੀ | ਹਰ ਹਰ ਹਰ ਹਰ | = ਹਿੰਦੂਰਾਜ ਸੰਗਲੀ | ਖ ਖ ਖ ਖ | = ਖੁਆਜਾ ਮੁਹੰਮਦ ਸੰਗਲੀ |
| ਲ ਲ ਲ ਲ | = ਲਦਾਖ ਸੰਗਲੀ | ਹਿੰ ਹਿੰ ਹਿੰ ਹਿੰ | = ਹਿੰਦੂਕਸ਼ (ਹਿੰਦਕੋਹ ਸੰਗਲੀ) | ਸੁ ਸੁ ਸੁ ਸੁ | = ਸੁਲੇਮਾਨ ਸੰਗਲੀ |
| ਕ ਕ ਕ ਕ | = ਕੈਲਾਸ਼ ਸੰਗਲੀ | ਪ ਪ ਪ ਪ | = ਪਾਮੀਰ ਦੀਆਂ ਸੰਗਲੀਆਂ | ਸ਼ੀ ਸ਼ੀ ਸ਼ੀ ਸ਼ੀ | = ਸ਼ੀਨਗਰ ਸੰਗਲੀ |
| ਮ ਮ ਮ ਮ | = ਮੁਜ਼ਤਾਗ ਜਾਂ ਕਾਰਕੋਰਮ ਸੰਗਲੀ | ਪਲ ਪਲ ਪਲ ਪਲ | = ਪਰਮ ਅਲਈ ਸੰਗਲੀ | ਟ ਟ ਟ ਟ | = ਟੋਬਾ ਸੰਗਲੀ |

= ਹੋਰ ਪਹਾੜ ▲ = ਪਹਾੜ ਦੀ ਚੋਟੀ, ਉੱਚਾ ਪਹਾੜ ][ = ਘਾਟ ● = ਨਗਰ

ਵਾਲਾ ਹੈ ਉਸੇ ਤਰ੍ਹਾਂ ਬੰਸ (race) ਵੰਡਣ ਵਾਲਾ ਵੀ ਹੈ। ਉਸ ਦੇ ਦੱਖਣ ਵਲ ਕਸ਼ਮੀਰੀ ਜਨਤਾ ਦਾ ਵਾਸਾ ਹੈ। ਉਸਦੇ ਉੱਤਰ ਵਿਚ ਦਰਦ ਦੇਸ਼ ਦਾ ਦੱਖਣ ਪੂਰਬੀ ਅਤੇ ਤਿੱਬਤੀ ਜਨਤਾ ਅਤੇ ਭਾਖਾ ਦਾ ਦੱਖਣ ਪੱਛਮੀ ਸਿਰਾ ਹੈ। ਦਰਦਾਂ ਦੀ ਪੁਰਾਤਨ ਹੱਦ ਜ਼ੋਜੀ ਘਾਟੇ ਤੋਂ ਕਰਾਕੋਰਮ ਘਾਟੇ ਤਕ ਅਤੇ ਉਥੋਂ ਕਰਾਕੋਰਮ ਦੇ ਨਾਲ ਨਾਲ ਹਿੰਦਕੋਹ ਅਤੇ ਪਾਮੀਰ ਦੀ ਕੰਢੀ ਤਕ ਹੈ।

ਤਿੱਬਤੀ ਲੋਕ ਕਸ਼ਮੀਰ ਤੋਂ ਅਸਮ ਤਕ ਭਾਰਤ ਦੀ ਸਾਰੀ ਉੱਤਰੀ ਹੱਦ ਦੇ ਨਾਲ ਨਾਲ ਅਤੇ ਬਰਮਾਂ ਦੇ ਉੱਤਰ ਵੀ ਰਹਿੰਦੇ ਹਨ। ਤਿੱਬਤੀ ਅਤੇ ਬਰਮੀਂ ਇਕ ਹੀ ਬੰਸ ਦੀਆਂ ਦੋ ਸ਼ਾਖਾਂ ਹਨ। ਉਸ ਵੰਸ ਨੂੰ ਸਾਡੇ ਬਜ਼ੁਰਗ ਕਿਰਾਤ ਕਹਿੰਦੇ ਸੀ[1]। ਦਰਦ ਲੋਕ ਰੰਗ-ਰੂਪ ਅਤੇ ਭਾਖਾ ਵਿਚ ਕਸ਼ਮੀਰੀਆਂ ਨਾਲ ਮਿਲਦੇ ਹਨ; ਦਰਦ ਅਤੇ ਕਸ਼ਮੀਰ ਦੋਵੇਂ ਭਾਖਾਵਾਂ ਆਰੀਆ ਬੰਸ ਦੀਆਂ ਹਨ। ਪਾਮੀਰ ਦੇ ਨਿਵਾਸੀ ਤਾਜਿਕ ਵੀ ਆਰੀਆ ਵੰਸ਼ ਦੇ ਹਨ। ਅਜ ਉਨ੍ਹਾਂ ਦਾ ਦੇਸ ਤਾਜਿਕਿਸਤਾਨ ਸੋਵੀਅਤ ਹੈ, ਪਰ ਪੁਰਾਤਨ ਕਾਲ ਵਿਚ ਉਹ ਭਾਰਤ ਦੇ ਉੱਤਰਾਪਥ ਦਾ ਹਿੱਸਾ ਸੀ।

**(ਦ) ਸੀਤਾ-ਤਾਰੀਮ ਘਾਟੀ :** ਪਾਮੀਰ ਦਾ ਪੂਰਬ ਵਲ ਦਾ ਪਾਣੀ ਕਾਸ਼ਗਰ ਨਦੀ ਦੁਆਰਾ ਤਾਰੀਮ ਨਦੀ ਵਿਚ ਜਾਂਦਾ ਹੈ ਜਿਸ ਵਿਚ ਸੀਤਾ ਜਾਂ ਯਾਰਕੰਦ ਵੀ ਆਪਣਾ ਪਾਣੀ ਸੁਟਦੀ ਹੈ। ਤਾਰੀਮ ਪੱਛਮ ਤੋਂ ਪੂਰਬ ਲੰਮੀ ਯਾਤਰਾ ਕਰਕੇ ਅੰਤ ਵਿਚ ਆਪਣਾ ਪਾਣੀ ਲੋਪਨੋਰ[2] ਜਾਂ ਲੋਪ ਝੀਲ ਵਿਚ ਸੁਟਦੀ ਹੈ। ਦੱਖਣ ਤੋਂ ਕਿਉਨਲੁਨ ਅਤੇ ਅਲਿਤਨਤਾਸ ਪਹਾੜਾਂ ਦਾ ਪਾਣੀ ਅਨੇਕ ਛੋਟੀਆਂ ਨਦੀਆਂ ਦੁਆਰਾ ਤਾਰੀਮ ਵਲ ਵਧਦਾ ਹੈ, ਪਰ ਉਸ ਤਕ ਪਹੁੰਚ ਨਹੀਂ ਸਕਦਾ ਤੇ ਰਸਤੇ ਵਿਚ ਤਕਲਾਮਕਾਨ ਮਾਰੂਥਲ ਦੀ ਪਿਆਸ ਬੁਝਾਂਦਾ ਰਹਿ ਜਾਂਦਾ ਹੈ। ਪੁਰਾਤਨ ਕਾਲ ਵਿਚ ਉਹ ਨਦੀਆਂ ਤਾਰੀਮ ਤਕ ਪਹੁੰਚਦੀਆਂ ਸਨ ਅਤੇ ਉਨ੍ਹਾਂ ਦੇ ਕਿਨਾਰੇ ਅਨੇਕ ਆਬਾਦ ਬਸਤੀਆਂ ਸਨ। ਉਦੋਂ ਲੋਪਨੋਰ ਦਾ ਪਾਟ ਵੀ ਅਜ ਤੋਂ ਬਹੁਤ ਵੱਡਾ ਸੀ।

ਸੀਤਾ-ਤਾਰੀਮ ਘਾਟੀਆਂ ਦਾ ਇਹ ਪ੍ਰਦੇਸ਼ ਜੋ ਪਾਮੀਰ ਦੇ ਪੂਰਬ ਤੋਂ ਹੇਠ ਚੀਨ ਪੱਛਮੀ ਸਿਰੇ ਤਕ ਤਿੱਬਤ ਦੇ ਉੱਤਰ ਵਿਚ 900 ਮੀਲ ਤਕ ਚਲਾ ਗਿਆ ਹੈ; ਅਤੇ ਜਿਸਦਾ ਦੱਖਣੀ ਬੰਨ੍ਹ ਕਿਉਨਲੁਮ ਅਤੇ ਅਲਿਤਨਤਾਗ ਅਤੇ ਉੱਤਰੀ ਬੰਨ੍ਹ ਥਿਆਨਸ਼ਾਨ ਪਰਬਤ ਤੋਂ ਬਣਿਆ ਹੈ, ਅਜ ਚੀਨੀ ਤੁਰਕਿਸਤਾਨ ਕਹਿਲਾਉਂਦਾ ਹੈ, ਪਰ ਤੁਰਕ ਲੋਕ ਉਸ ਵਿਚ ਪੰਜਵੀਂ ਸ਼ਤਾਬਦੀ ਈਸਵੀ ਦੇ ਪਿੱਛੋਂ ਆਏ ਅਤੇ ਚੀਨ ਦੇ ਨਾਲ ਇਹ ਤੇਰ੍ਹਵੀਂ ਸ਼ਤਾਬਦੀ ਤੋਂ ਸੰਬੰਧਿਤ ਹੈ ਜਦ ਕਿ ਚੀਨ ਅਤੇ ਉਹ ਦੋਵੇ ਮੰਗੋਲ ਸਾਮਰਾਜ ਵਿਚ ਸਨ-ਪਿਛੋਂ ਦੋਵੇਂ ਮਾਂਚੂ ਸਾਮਰਾਜ ਵਿਚ ਰਹੇ। ਪੁਰਾਤਨ ਕਾਲ ਵਿਚ ਇਸ ਪ੍ਰਦੇਸ਼ ਵਿਚ ਆਰਯ ਭਾਖਾ ਵਾਲੀਆਂ ਜਾਤੀਆਂ ਰਹਿੰਦੀਆਂ ਸਨ ਅਤੇ ਇਥੇ ਆਰਯਵਰਤੀ ਉਪਨਿਵੇਸ਼ ਸਥਾਪਿਤ ਹੋਏ ਜੋ ਭਾਰਤ ਦੇ ਉੱਤਰਾਪਥ ਵਿਚ ਗਿਣੇ ਜਾਂਦੇ ਸਨ। ਉਸ ਕਾਲ ਵਿਚ ਇਸਨੂੰ ਸੀਤਾ-ਘਾਟੀ ਕਹਿਣ ਵਿਚ ਅਸਾਨੀ ਹੈ।

---

[1] ...ਚੰਦ੍ਰ ਵਿਦਿਆਲੰਕਾਰ (1931), ਭਾਰਤ ਭੂਮੀ ਅਤੇ ਉਸਦੇ ਨਿਵਾਸੀ, ਪੰਨਾ 267, 305-6, ...(33), ਭਾਰਤੀ ਇਤਿਹਾਸ ਦੀ ਰੂਪਰੇਖਾ, ਪੰਨਾ 82-83, 1060

(ਸ) **ਬਦਖ਼ਸ਼ਾਂ, ਬਲਖ਼, ਸੁਗਧ :** ਪਾਮੀਰ ਪਠਾਰ ਦੇ ਦੱਖਣੀ ਸਿਰੇ ਤੋਂ ਹਿੰਦਕੋਹ ਪੱਛਮ ਵਿਚ ਦੱਖਣ-ਪੱਛਮ ਵਲ ਚਲਾ ਗਿਆ ਹੈ। ਉਸਦੇ ਉੱਤਰ ਵਲ ਆਮੂ ਦਰਿਆ ਜਾਂ ਵੰਕਸ਼ੂ ਨਦੀ ਦੇ ਉੱਤਰੀ ਅਤੇ ਫਿਰ ਪੱਛਮੀ ਘੁਮਾਵ ਦੇ ਅੰਦਰ ਕੰਦੂਜ਼ ਨਦੀ ਤਕ ਦਾ ਪ੍ਰਦੇਸ਼ ਬਦਖ਼ਸ਼ਾਂ ਹੈ। ਉਹ ਪਾਮੀਰ ਦਾ ਹੀ ਵਧਿਆ ਹੋਇਆ ਹਿੱਸਾ ਹੈ, ਉਸਦੀ ਜਨਤਾ ਵੀ ਤਾਜਿਕ ਹੈ।

'ਬਦਖ਼ਸ਼ਾਂ' ਉਸ ਪ੍ਰਦੇਸ਼ ਦੇ ਮੂਲ ਸੰਸਕ੍ਰਿਤ ਨਾਉਂ 'ਦ੍ਵਯਕਸ਼' ਦਾ ਹੀ ਉਚਾਰਨ-ਭੇਦ ਹੈ।[1]

ਬਦਖ਼ਸ਼ਾਂ ਦਾ ਪੱਛਮ ਵਲ ਲਗਦਾ ਹੋਇਆ ਹਿੰਦਕੋਹ ਅਤੇ ਵੰਕਸ਼ੂ ਦੇ ਵਿਚ ਦਾ ਬਲਖ਼ (ਵਾਹੀਲਕ) ਹੈ। ਅਜ ਕਲ ਉਹ ਅਫ਼ਗ਼ਾਨ ਤੁਰਕਿਸਤਾਨ ਕਹਿਲਾਉਂਦਾ ਹੈ, ਪਰ ਪ੍ਰਾਚੀਨ ਕਾਲ ਵਿਚ ਭਾਰਤ ਅਤੇ ਈਰਾਨ ਦਾ ਸਾਂਝਾ ਪ੍ਰਦੇਸ਼ ਸੀ ਤੇ ਕਦੀ ਇਕ ਦੇ ਅਤੇ ਕਦੀ ਦੂਜੇ ਦੇ ਅਧੀਨ ਮੰਨਿਆ ਜਾਂਦਾ ਸੀ।

ਵੰਕਸ਼ੂ ਅਤੇ ਸੀਰ (Jaxartes) ਨਦੀਆਂ ਦੇ ਵਿਚ ਦਾ ਦੁਆਬ, ਜਿਸ ਵਿਚ ਬੁਖ਼ਾਰਾ, ਸਮਰਕੰਦ ਆਦਿ ਬਸਤੀਆਂ ਹਨ, ਅਜ ਉਜ਼ਬੇਕ ਸੋਵੀਅਤ ਹੈ। ਪਰ ਉਜ਼ਬੇਕ ਲੋਕ, ਜੋ ਮੰਗੋਲ ਵੰਸ਼ੀ ਹਨ, ਉਥੇ ਸੋਲ੍ਹਵੀਂ ਸ਼ਤਾਬਦੀ ਵਿਚ ਆਏ ਸਨ। ਉਨ੍ਹਾਂ ਤੋਂ ਪਹਿਲੇ ਉਥੇ ਤਾਜਿਕ ਅਤੇ ਤੁਰਕ ਸਨ। ਤੁਰਕ ਵੀ ਚੌਥੀ-ਪੰਜਵੀਂ ਸ਼ਤਾਬਦੀ ਵਿਚ ਆਏ ਸਨ। ਪੁਰਾਤਨ ਕਾਲ ਵਿਚ ਉਹ ਈਰਾਨ ਦਾ ਭਾਗ ਸੀ, ਅਤੇ ਈਰਾਨੀ ਉਸਨੂੰ ਸੁਘਦ ਯਾ ਸੁਗਧ ਕਹਿੰਦੇ ਸੀ। ਭਾਰਤ ਦੇ ਨਾਲ ਉਸਦਾ ਬਹੁਤ ਵੱਡਾ ਸੰਬੰਧ ਰਿਹਾ ਹੈ।

(ਹ) **ਅਫਗਾਨ ਪਠਾਰ :** ਪਾਮੀਰ ਦੇ ਦੱਖਣੀ ਸਿਰੇ ਤੋਂ ਹਿੰਦਕੋਹ ਪੱਛਮ ਦੱਖਣ ਮੂੰਹ ਕੀਤੇ ਕਾਬਲ ਸ਼ਹਿਰ ਪੱਛਮ ਬਾਮੀਆਂ ਤਕ ਚਲਾ ਆਇਆ ਹੈ। ਅਗੇ ਉਸੇ ਪਹਾੜ ਦਾ ਵਧਿਆ ਹੋਇਆ ਭਾਗ ਸਿੱਧਾ ਪੱਛਮੀ ਹਰਾਤ ਤਕ ਚਲਾ ਗਿਆ ਹੈ—ਇਸ ਵਧੇ ਭਾਗ ਨੂੰ ਕੋਹੇ-ਬਾਬਾ ਅਤੇ ਬੰਦੇ ਬਾਬਾ ਕਹਿੰਦੇ ਹਨ। ਇਸ ਪਰਬਤ-ਸੰਗਲੀ ਨੂੰ ਜੋ ਅਫ਼ਗ਼ਾਨ ਪਠਾਰ ਦੀ ਧੁਰੀ ਹੈ, ਪੁਰਾਤਨ ਈਰਾਨੀ ਉਪਰਿਸ਼ਅਨ ਅਰਥਾਤ ਸ਼ਯੇਨ ਦੀ ਉਡਾਨ ਤੋਂ ਵੀ ਉੱਚਾ ਕਹਿੰਦੇ ਸੀ। ਉਸ ਨਾਉਂ ਦਾ ਯੂਨਾਨੀ ਰੂਪ ਸੀ ਪਰੋਪਨਿਸੁਸ੍।

ਹਿੰਦਕੋਹ ਅਤੇ ਕੋਹੇ-ਬਾਬਾ ਜਿਥੇ ਆਪਣੇ ਮੋਢੇ ਜੋੜਦੇ ਹਨ ਉਹ ਹੀ ਅਫ਼ਗ਼ਾਨ ਪਠਾਰ ਦਾ ਕੇਂਦ੍ਰੀ ਪਨਢਾਲ ਹੈ। ਉਥੋਂ ਕਾਬੁਲ ਨਦੀ (ਕੁਭਾ)[2] ਆਪਣਾ ਪਾਣੀ ਪੂਰਬ ਨੂੰ, ਹੇਲਮੰਦ (ਸੇਤੁਮੰਦ) ਦੱਖਣ ਪੱਛਮ ਤੋਂ, ਹਰੀਰੂਦ[3] ਪੱਛਮ ਨੂੰ ਕੁੰਦੂਜ ਉੱਤਰ ਨੂੰ ਲੈ ਜਾਂਦੀ ਹੈ।

ਹਿੰਦਕੋਹ ਤੋਂ ਉਸਦੀਆਂ ਕਈ ਸ਼ਾਖ਼ਾਂ ਨਿਕਲ ਕੇ ਉੱਤਰ ਅਤੇ ਦੱਖਣ ਵਲ ਉਸੇ ਤਰ੍ਹਾਂ ਵਧਦੀਆਂ ਹਨ ਜਿਵੇਂ ਹਿਮਾਲਾ ਤੋਂ ਛੋਟਾ ਹਿਮਾਲਾ। ਦੱਖਣ ਵੱਲੋਂ ਇਹ

---

[1] ਮੋਤੀ ਚੰਦ੍ਰ (1954), ਜਿਓਗਰਾਫ਼ੀਕਲ ਐਂਡ ਇਕਨੌਮਿਕ ਸਟੱਡੀਜ਼ ਇਨ ਦੀ ਮਹਾਂਭਾਰਤ ਉਪਾਇਨ ਪਰਵ (ਮਹਾਂਭਾਰਤ ਉਪਾਇਨ ਦਾ ਭੂਗੋਲਿਕ ਅਤੇ ਆਰਥਿਕ ਅਨੁਸ਼ੀਲਨ ਪੰਨਾ 58.

[2] ਬਰੈਕਟਾਂ ਵਿਚ ਫਿਰ ਸੰਸਕ੍ਰਿਤ ਨਾਉਂ।

[3] ਰਦ (ਫ਼ਾਰਸੀ) =ਨਦੀ।

ਸ਼ਾਖ਼ਾ ਸਿੰਧ ਦੇ ਨਾਲ ਵਗਣ ਵਾਲੀ ਸਵਾਤ (ਸੁਵਾਸਤ), ਪੰਜਕੋਰਾ (ਗੌਰੀ) ਅਤੇ ਕੂੰਨੜ ਨਦੀਆਂ ਦੇ ਵਿਚ ਪਨਢਾਲ ਦਾ ਕੰਮ ਕਰਦੀਆਂ ਹਨ। ਹਿੰਦਕੋਹ ਦੇ ਪੂਰਬੀ ਸਿਰੇ ਤੋਂ ਕੂੰਨੜ ਦੇ ਖੱਬੇ ਖੱਬੇ ਕਾਬੁਲ ਨਦੀ ਤਕ ਜਿਹੜਾ ਪਹਾੜ ਚਲਾ ਗਿਆ ਹੈ ਉਸਦਾ ਨਾਉਂ ਹਿੰਦੂਰਾਜ ਹੈ। ਸਿੰਧ ਤੋਂ ਕੂੰਨੜ ਤਕ ਦਾ ਪ੍ਰਦੇਸ਼ ਪੁਰਾਤਨ ਪੱਛਮੀ ਗੰਧਾਰ ਹੈ। ਇਹ ਉਰਸ਼ਾ ਦੇ ਠੀਕ ਪੱਛਮ ਨੂੰ ਲਗਦਾ ਹੈ।

ਹਿੰਦਕੋਹ ਦੇ ਪੱਛਮੀ ਹਿੱਸੇ ਵਿਚ ਉਸਦੇ ਦੱਖਣ ਅਤੇ ਉੱਤਰ ਦੋਹਾਂ ਪਾਸੇ ਉਸਦੇ ਚਰਨਾਂ ਨੂੰ ਧੋਂਦੀਆਂ ਹੋਈਆਂ ਦੋ ਦੋ ਧਾਰਾਂ ਇਕ ਪੂਰਬ ਤੋਂ ਪੱਛਮ, ਦੂਸਰੀ ਪੱਛਮ ਤੋਂ ਪੂਰਬ ਵਹਿ ਕੇ ਆਪਸ ਵਿਚ ਮਿਲਦੀਆਂ ਹਨ। ਦੱਖਣ ਵਲ ਦੀਆਂ ਧਾਰਾਂ ਪੰਜਸ਼ੀਰ ਅਤੇ ਘੋੜਬੰਦ, ਹਨ ਜਿਹੜੀਆਂ ਚਰੀਕਰ ਤੇ ਮਿਲ ਕੇ ਤੇ ਅੱਗੇ ਦੱਖਣ ਪੂਰਬ ਵਲ ਵਧ ਕੇ ਕਾਬੁਲ ਨਦੀ ਵਿਚ ਆ ਮਿਲਦੀਆਂ ਹਨ। ਉੱਤਰ ਵਲ ਦੀਆਂ ਧਾਰਾਂ ਅੰਦਰਾਬ ਅਤੇ ਸੁਰਖ਼ਾਬ ਹਨ, ਜਿਹੜੀਆਂ ਇਕੱਠੀਆਂ ਹੋ ਕੇ ਕੁੰਦੂਜ਼ ਵਿਚ ਆਪਣਾ ਪਾਣੀ ਲੈ ਜਾਂਦੀਆਂ ਹਨ। ਹਿੰਦਕੋਹ ਦੇ ਉੱਤਰ ਤੋਂ ਦੱਖਣ ਆਉਣ ਵਾਲੇ ਰਸਤੇ ਤਕਰੀਬਨ ਇਨ੍ਹਾਂ ਨਦੀਆਂ ਦੀਆਂ ਦੂਨਾਂ ਤੋਂ ਹੀ ਚੜ੍ਹਦੇ ਉਤਰਦੇ ਹਨ। ਸੁਰਖ਼ਾਬ ਵਿਚ ਮਿਲਣ ਵਾਲੀ ਬਾਮੀਆਂ ਨਦੀ, ਜੋ ਅਫ਼ਗਾਨ ਪਠਾਰ ਦੇ ਕੇਂਦਰ ਵਿਚ ਹੈ, ਘੋੜਬੰਦ ਦੇ ਸ੍ਰੋਤ ਦੇ ਬਹੁਤ ਹੀ ਲਾਗੇ ਹੈ।

ਪੰਜਸ਼ੀਰ ਨਦੀ ਦੇ ਨਿਕਾਸ ਦੇ ਨੇੜਿਉਂ ਫੱਟ ਕੇ ਹਿੰਦਕੋਹ ਦੀ ਇਕ ਬਾਂਹ ਪੰਜਸ਼ੀਰ ਦੇ ਖੱਬੇ ਖੱਬੇ ਚਲੀ ਗਈ ਹੈ। ਕੂੰਨੜ ਨਦੀ ਤੋਂ ਇਸ ਪਹਾੜ ਤਕ ਦਾ ਪ੍ਰਦੇਸ਼ ਅਜੇ ਤਕ ਕਾਫ਼ਰੀਸਤਾਨ ਕਹਿਲਾਉਂਦਾ ਸੀ, ਹੁਣ ਅਫਗਾਨ ਸਰਕਾਰ ਨੇ ਇਸਦਾ ਨਾਉਂ ਨੂਰਿਸਤਾਨ ਰਖਿਆ ਹੈ। ਇਸਦੀ ਮੁਖ ਨਗਰੀ ਕਾਪਸ਼ੀ ਸੀ, ਜਿਸਦਾ ਵਰਣਨ ਆਚਾਰੀਆ ਪਾਣਨੀ ਨੇ ਆਪਣੀ ਅਸ਼ਟਾਧਿਆਈ 4-2-99 ਵਿਚ ਕੀਤਾ ਹੈ। ਆਪ ਪਾਣਨੀ ਪੱਛਮੀ ਗੰਧਾਰ ਦੇ ਸਨ। ਅਰਬ ਭੂਗੋਲ ਲੇਖਕਾਂ ਨੇ ਕਾਪਸ਼ੀ ਦੇ ਪ੍ਰਦੇਸ਼ ਨੂੰ ਕਾਫ਼ਿਸਿਸਤਾਨ ਕਿਹਾ—ਅਰਬੀ ਵਿਚ ਪ ਤੋਂ ਫ ਹੋ ਜਾਂਦਾ ਹੈ-ਅਤੇ ਲਿਖਣ ਵਿਚ ਗ਼ਲਤੀ ਨਾਲ ਉਹ ਨਾਉਂ ਕਾਫਿਰਿਸਤਾਨ ਬਣ ਗਿਆ। ਉਸ ਨੂੰ ਕਪਿਸ਼ ਕਹਿਣਾ ਚਾਹੀਦਾ ਹੈ। ਕਪਿਸ਼ ਦੀ ਭਾਸ਼ਾ ਦਰਦੀ ਅਤੇ ਕਸ਼ਮੀਰੀ ਵਰਗ ਦੀ ਹੈ। ਕਪਿਸ਼ ਦਾ ਦੱਖਣੀ ਭਾਗ, ਜਿਸ ਵਿਚ ਅਲੀਸ਼ੰਗ ਨਦੀ ਕਾਬੁਲ ਵਿਚ ਮਿਲਦੀ ਹੈ, ਲਗਮਾਨ (ਲਮਪਾਕ) ਹੈ।

ਕਾਬੁਲ ਨਦੀ ਦੇ ਦੱਖਣ ਵਿਚ ਸਫੈਦ ਕੋਹ ਹੈ ਜੇਹੜਾ ਅਫ਼ਗ਼ਾਨ ਪ੍ਰਦੇਸ਼ ਦੇ ਉੱਪਰਲੇ ਕੇਂਦ੍ਰੀ ਪਰਬਤ ਤੋਂ ਮਗਰੋਂ ਦੂਜਾ ਪਰਬਤ ਹੈ। ਸਫ਼ੈਦ ਕੋਹ ਦੀ ਕਾਬੁਲ ਨਦੀ ਦੇ ਨਾਲ ਲਗਦੀ ਉਤਰੀ ਤਰਾਈ ਨਿੰਗਰਹਾਰ (ਨਗਰਹਾਰ) ਹੈ, ਅਤੇ ਪੂਰਬੀ ਤਰਾਈ ਅਫ਼ਰੀਦੀ-ਤੀਰਾਹ। ਸਫ਼ੈਦ ਕੋਹ ਨੇ ਦੱਖਣ ਪੱਛਮ ਵਲ ਲੰਮੀਆਂ ਬਾਹਾਂ ਵਧਾ ਦਿਤੀਆਂ ਹਨ ਜੇਹੜੀਆਂ ਹੋਲਮੰਦ ਅਤੇ ਸਿੰਧ ਨਦੀਆਂ ਦੇ ਵਿੱਚ ਪਨਢਾਲਾਂ ਹਨ।

ਅਫ਼ਗਾਨ ਪਠਾਰ ਦੀ ਦੱਖਣ ਪੂਰਬੀ ਡੌਲ ਸੁਲੇਮਾਨ ਅਤੇ ਉਸਦੇ ਨਾਲ ਦੇ ਪਹਾੜਾਂ-ਸ਼੍ਰੀਨਗਰ ਅਤੇ ਟੋਬਾ-ਕਾਕੜ ਤੋਂ ਬਣੀ ਹੈ। ਸੁਲੇਮਾਨ ਸਿੰਧ ਨਦੀ ਦੀ

ਵਿਚਲੀ ਘਾਟੀ ਦੇ ਨਾਲ ਚਲਾ ਗਿਆ ਹੈ; ਦੂਜੇ ਦੋਵੇਂ ਪਹਾੜ ਉਸ ਦੇ ਪੱਛਮ ਵਲ ਹਨ ।

ਦੂਜੇ ਅੰਗ੍ਰੇਜ਼-ਅਫ਼ਗਾਨ ਯੁੱਧ, 1876-81, ਵਿਚ ਅਫ਼ਗਾਨਿਸਤਾਨ ਦੇ ਜਿਨ੍ਹਾਂ ਪ੍ਰਦੇਸ਼ਾਂ ਨੂੰ ਅੰਗ੍ਰੇਜ਼ ਹੜਪ ਕਰ ਸਕੇ, ਉਨ੍ਹਾਂ ਵਿਚੋਂ ਕੁਝ ਨੂੰ ਪਿਛੋਂ ਉਨ੍ਹਾਂ ਨੇ ਆਪਣੀ "ਉੱਤਰ ਪੱਛਮੀ ਹੱਦ-ਪ੍ਰਾਂਤ" ਵਿਚ ਸ਼ਾਮਿਲ ਕੀਤਾ, ਅਤੇ ਕਈਆਂ ਨੂੰ ਪੱਛਮੀ ਹੱਦ ਦੇ ਬਾਕੀ ਪ੍ਰਦੇਸ਼ਾਂ ਦੇ ਨਾਲ ਬਲੋਚਿਸਤਾਨ ਵਿਚ । ਅੰਗ੍ਰੇਜ਼ਾਂ ਦਾ ਰਖਿਆ ਹੋਇਆ ਇਹ ਬਲੋਚਿਸਤਾਨ ਨਾਉਂ ਬਹੁਤ ਕਰਮਾਂ ਵਾਲਾ ਹੈ । ਕੋਇਟਾ[1], ਜ਼ੋਬ, ਲੋਰਾਲਾਈ ਜ਼ਿਲ੍ਹਿਆਂ ਵਿਚ ਬਲੋਚ ਨਹੀਂ ਰਹਿੰਦੇ; ਉਹ ਸ਼ੁੱਧ ਪਠਾਣਾਂ ਦੇ ਪ੍ਰਦੇਸ਼ ਹਨ । ਉਨ੍ਹਾਂ ਦੇ ਦੱਖਣ ਵਲ ਦਾ ਕਲਾਤ ਪਠਾਰ ਵੀ ਬਲੋਚਾਂ ਦਾ ਨਹੀਂ ਹੈ; ਹਾਂ ਉਸ ਪਠਾਰ ਦੇ ਪੱਛਮ ਦਾ ਪ੍ਰਦੇਸ਼ ਬਲੋਚ ਭੂਮੀ ਹੈ, ਜਿਸ ਵਿਚ ਬਲੋਚ ਲੋਕ ਗਿਆਰ੍ਹਵੀਂ ਸਦੀ ਵਿਚ ਉੱਤਰ ਪੱਛਮੀ ਈਰਾਨ ਦੇ ਕੁਰਦਿਸਤਾਨ ਪ੍ਰਦੇਸ਼ ਤੋਂ ਆ ਕੇ ਵਸੇ ਸਨ ।

ਹਿੰਦ-ਕੋਹ ਬੰਦੇ-ਬਾਬਾ ਅਤੇ ਸੁਲੇਮਾਨ ਪਰਬਤ ਦੇ ਵਿਚ ਉਨ੍ਹਾਂ ਦੀਆਂ ਢਾਲਾਂ ਨਾਲ ਬਣਿਆ ਹੋਇਆ ਤਿਕੋਨਾ ਪਠਾਰ ਭੂਮੀ-ਰਚਨਾ, ਜਨਤਾ ਅਤੇ ਇਤਿਹਾਸ ਦੀ ਦ੍ਰਿਸ਼ਟੀ ਤੋਂ ਅਫ਼ਗਾਨ ਭੂਮੀ ਹੈ । ਉਸ ਦੇ ਦੱਖਣ ਪੂਰਬੀ ਹਿੱਸੇ ਦਾ ਨਾਉਂ ਉਥੋਂ ਦੀ ਜਨਤਾ ਨੇ ਜੋ ਅਜ ਪਖ਼ਤੂਨਿਸਤਾਨ ਰੱਖਿਆ ਹੈ, ਉਹ ਬਹੁਤ ਠੀਕ ਹੈ, ਪਖ਼ਤੂਨ ਯਾ ਪਠਾਣ ਅਫ਼ਗਾਨ ਜਨਤਾ ਦਾ ਤਕਰੀਬਨ ਅੱਧਾ ਹਿੱਸਾ ਹੈ । ਉਨ੍ਹਾਂ ਦੀਆਂ ਨਜ਼ਰਾਂ ਵਿਚ ਅਫ਼ਗਾਨ ਪ੍ਰਦੇਸ਼ ਦੇ ਨਿਵਾਸੀ ਦੋ ਹਿੱਸਿਆਂ ਵਿਚ ਵੰਡੀਂਦੇ ਹਨ, ਪਠਾਣ ਅਤੇ ਪਾਰਸੀਵਾਨ । ਪਠਾਨ ਪਸ਼ਤੋ ਯਾ ਪਖਤੋ ਬੋਲਦੇ ਹਨ ਅਤੇ ਅਫ਼ਗਾਨ-ਪ੍ਰਦੇਸ਼ ਦੇ ਦੱਖਣੀ ਅਤੇ ਪੂਰਬੀ ਹਿੱਸਿਆਂ ਵਿਚ ਰਹਿੰਦੇ ਹਨ । ਪਾਰਸੀਵਾਨ ਉਸੇ ਪ੍ਰਦੇਸ਼ ਦੇ ਉੱਤਰੀ ਅਤੇ ਪੱਛਮੀ ਭਾਗਾਂ ਅਤੇ ਕਾਬਲ ਦੂਨ ਵਿਚ ਰਹਿੰਦੇ ਹਨ; ਉਨ੍ਹਾਂ ਦੀ ਭਾਖਾ ਹੈ ਅਫ਼ਗਾਨ-ਪਾਰਸੀ ਜੇਹੜੀ ਫ਼ਾਰਸੀ ਦਾ ਇਕ ਰੂਪ ਹੈ । ਉਨ੍ਹਾਂ ਵਿਚ ਤਾਜਿਕ ਆਦਿ ਤਾਜੀਆਂ ਸ਼ਾਮਿਲ ਹਨ । ਅਸਾਂ ਵੇਖਿਆ ਹੈ ਕਿ ਬਦਖ਼ਸ਼ਾਂ ਅਤੇ ਪਾਮੀਰ ਦੀ ਜਨਤਾ ਵੀ ਤਾਜਿਕ ਹੈ । ਬਲਖ਼ ਦੀ ਜਨਤਾ ਵੀ ਪੁਰਾਤਨ ਕਾਲ ਵਿਚ ਆਰੀਆ-ਬੋਲੀ ਬੋਲਣ ਵਾਲੀ ਸੀ. ਪਰ ਹੁਣ ਉਹ ਤੁਰਕ ਹੈ । ਦੱਖਣ ਵਲ, ਹਰਾਤ ਤੋਂ ਕੰਧਾਰ 'ਕੋਇਟਾ' ਹੁੰਦੇ ਹੋਏ ਦੱਰਾ ਬੋਲਾਨ ਤਕ ਪਹਾੜਾਂ ਦੀ ਕੰਢੀ ਨਾਲ ਨਾਲ ਜਿਹੜਾ ਰਸਤਾ ਗਿਆ ਹੈ, ਉਹ ਅਫਗਾਨ ਪ੍ਰਦੇਸ਼ ਦੀ ਦੱਖਣੀ ਹੱਦ ਹੈ । ਦੱਰਾ ਬੋਲਾਨ ਦੇ ਹੇਠਾਂ ਸਿਬੀ ਦੀ ਬਸਤੀ ਨੂੰ, ਜਿਹੜੀ ਕੱਛੀ-ਗੰਧਾਵ ਦੇ ਉੱਤਰੀ ਸਿਰੇ ਵਿਚ ਹੈ, ਪਠਾਣ ਲੋਕ ਸਦਾ ਤੋਂ ਆਪਣੇ ਦੇਸ਼ ਦੀ ਹੱਦ ਦਾ ਸੂਚਕ ਮੰਨਦੇ ਰਹੇ ਹਨ ।

ਹਰਾਤ-ਕੰਧਾਰ ਰਸਤੇ ਦੇ ਦੱਖਣ ਪੱਛਮ ਹੇਲਮੰਦ ਨਦੀ ਦੀ ਹੇਠਲੀ ਘਾਟੀ ਤੋਂ ਸੀਸਤਾਨ (ਸ਼ਕਸਤਾਨ) ਦਾ ਮਾਰੂਥਲ ਬਣਿਆ ਹੈ । ਇਹ ਪ੍ਰਦੇਸ਼ ਵੀ ਪੁਰਾਤਨ ਕਾਲ ਵਿਚ ਭਾਰਤ ਅਤੇ ਈਰਾਨ ਦੀ ਹੱਦ ਮੰਨਿਆ ਜਾਂਦਾ ਸੀ ।

---

1 ਕੋਇਟਾ (Quetta) ਵਿਗੜਿਆ ਹੋਇਆ ਅੰਗ੍ਰੇਜ਼ੀ ਰੂਪ ਹੈ । ਉਸ ਦਾ ਠੀਕ ਨਾਉਂ ਹੈ- ਸ਼ਾਲਕੋਟ ਜਿਹੜਾ ਪਹਿਲੇ ਸੰਸਾਰ-ਯੁਧ ਦੇ ਸਮੇਂ, 1914-18 ਤਕ ਉਸ ਦੇ ਰੇਲ ਸਟੇਸ਼ਨ ਤੇ ਲਿਖਿਆ ਰਹਿੰਦਾ ਸੀ ।

(ਙ) **ਕਲਾਤ ਅਤੇ ਲਾਸਬੇਲਾ** : ਦੱਰਾ ਬੋਲਾਨ ਦੇ ਦੱਖਣ ਵਿਚ ਕਲਾਤ ਪਠਾਰ ਹੈ, ਜਿਸ ਦੇ ਦੱਖਣੀ ਸਿਰੇ ਤੋਂ ਖੀਰਥਰ ਅਤੇ ਹਾਲਾਰ ਪਹਾੜ ਸਿੰਧ ਦੇ ਮੈਦਾਨ ਦੇ ਪੱਛਮੀ ਕਿਨਾਰੇ ਦੇ ਨਾਲ ਨਾਲ ਸਮੁੰਦਰ ਵਲ ਚਲੇ ਗਏ ਹਨ। ਇਨ੍ਹਾਂ ਪਰਬਤਾਂ ਦੇ ਵਿਚਕਾਰ ਉੱਤਰ ਤੋਂ ਦੱਖਣ ਵਲ ਵਹਿਣ ਵਾਲੀਆਂ ਹਾਬ, ਪੁਰਲੀ ਅਤੇ ਹਿੰਗੋਲ ਨਦੀਆਂ ਦੀਆਂ ਇਕ ਸਮਾਨ ਦੂਨਾਂ ਹਨ। ਪੁਰਲੀ ਦੀ ਦੂਨ ਲਾਸਬੇਲਾ ਕਹਿਲਾਉਂਦੀ ਹੈ ਅਤੇ ਉਸਦੀ ਮੁੱਖ ਨਗਰੀ ਬੇਲਾ ਹੈ। ਹਿੰਗੋਲ ਦੇ ਤਟ ਤੇ ਹਿੰਗੂਲਾਜ ਤੀਰਥ[1] ਹੈ ਜਿਸਦੀ ਯਾਤਰਾ ਕਰਨ ਹਿੰਦੂ ਯਾਤਰੀ ਸਨ 1946 ਤਕ ਨਿਯਮ ਅਨੁਸਾਰ ਜਾਂਦੇ ਸੀ। ਕਲਾਤ ਵਿਚ ਬਰਾਹੁਈ ਲੋਕ ਰਹਿੰਦੇ ਹਨ ਜਿਨ੍ਹਾਂ ਦੀ ਬੋਲੀ ਦ੍ਰਾਵਿੜ ਵੰਸ਼ ਦੀ ਹੈ। ਲਾਸਬੇਲਾ ਅਤੇ ਹਿੰਗੋਲ ਦੂਨ ਦੀ ਬੋਲੀ ਸਿੰਧੀ ਹੈ। ਕਲਾਤ ਪਠਾਰ ਅਤੇ ਹਿੰਗੋਲ ਦੂਨ ਦੀ ਪੱਛਮੀ ਸੀਮਾ ਦੇ ਨਾਲ ਭਾਰਤ ਦੀ ਪੁਰਾਤਨ ਹੱਦ ਰਾਸ (ਅੰਤਰੀਪ) ਮਲਾਨ ਤੋਂ ਸਮੁੰਦਰ ਨੂੰ ਆ ਲਗਦੀ ਹੈ। ਉੱਤਰ ਪੱਛਮ ਵਲ ਅਸਲੀ ਬਲੋਚਿਸਤਾਨ ਹੈ। ਇਥੇ ਸਮੁੰਦਰੀ ਤਟ ਦੇ ਨਾਲ ਭਾਰਤ ਦੀ ਹੱਦ ਉੱਤੇ ਮੱਕ ਲੋਕਾਂ ਦਾ ਮਕਰਾਨ ਪ੍ਰਦੇਸ਼ ਹੈ, ਜਿਹੜਾ ਸ਼ਕਸਤਾਨ ਦੀ ਤਰ੍ਹਾਂ ਈਰਾਨ ਅਤੇ ਭਾਰਤ ਦਾ ਸਾਂਝਾ ਮੰਨਿਆ ਜਾਂਦਾ ਸੀ।

---

[1] ਬ੍ਰਹਮਵੈਵਰਤ ਪੁਰਾਣ (ਜੀਵਾ ਨੰਦ 1888), ਕ੍ਰਿਸ਼ਣ ਜਨਮ ਖੰਡ 76,21, ਦੇਵੀ ਭਾਗਵਤ ਪੁਰਾਣ (ਵੰਜ ਵਾਸੀ ਪ੍ਰੈਸ) 7,38,6। ਸਿੰਧ ਪੰਜਾਬ ਅਤੇ ਰਾਜਸਥਾਨ ਅਤੇ ਬਹੁਤ ਦੂਰ ਬੰਗਾਲ ਤਕ ਤੋਂ ਹਿੰਗੁਲਾਜ ਨੂੰ ਤੀਰਥ-ਯਾਤਰੀ ਜਾਂਦੇ ਸੀ। ਰਾਜਸਥਾਨ ਅਤੇ ਵਰੱਜ ਵਿਚ ਹਿੰਗੁਲਾਜ ਦੀ ਮਾਈ ਦੇ ਗੀਤ ਜਨਤਾ ਵਿਚ ਪ੍ਰਚਲਿਤ ਹਨ। 1946 ਵਿਚ ਇਕ ਬੰਗਾਲੀ ਸਾਧੂ ਨੇ ਹਿੰਗੁਲਾਜ ਦੀ ਯਾਤਰਾ ਤੋਂ ਉਪਰੰਤ ਉਸਦੇ ਆਧਾਰ ਤੇ ਇਕ ਨਾਵਲ ਲਿਖਿਆ। ਗੁਰੂ ਤੀਰਥ ਹਿੰਲਾਜ। ਉਸ ਨਾਵਲ ਦੇ ਢਾਈ ਵਰ੍ਹਿਆਂ ਵਿੱਚ ਨੌਂ ਐਡੀਸ਼ਨ ਨਿਕਲੇ। ਲੇਖਕ ਨੇ ਆਪਣਾ ਨਾਉਂ 'ਅਵਧੂਤ' ਦਿੱਤਾ ਹੈ। ਉਨ੍ਹਾਂ ਦੇ ਗ੍ਰੰਥ ਦਾ ਸ਼ਿਰੀ ਨਿਹਾਰ ਰੰਜਨ ਚੌਧਰੀ ਨੇ ਹਿੰਦੀ ਉਲਥਾ ਕਰ ਕੇ 1957 ਵਿਕ 'ਕਵਿਤੀਰਥ' ਸਿੰਦਰੀ ਤੋਂ ਪ੍ਰਕਾਸ਼ਿਤ ਕੀਤਾ।

ਅਧਿਆਇ ਦੂਜਾ

# ਭੂਮੀ ਦਾ ਵਿਕਾਸ, ਮਨੁੱਖ ਦਾ ਪ੍ਰਗਟ ਹੋਣਾ

## .. ਭੂਮੀ ਅਤੇ ਜੀਵਾਂ ਦਾ ਵਿਕਾਸ

ਭਾਰਤ ਦੇ ਇਸ ਉੱਤਰ-ਪੱਛਮੀ ਹਿੱਸੇ ਵਿਚ ਮਨੁੱਖੀ ਸਭਿਅਤਾ ਦਾ ਜਨਮ ੜ੍ਹਵੇਂ ਹੋਇਆ, ਇਸਨੂੰ ਸਮਝਣ ਲਈ ਪਹਿਲੇ ਇਸ ਭੂਮੀ ਦੇ ਅਤੇ ਮਨੁੱਖੀ ਸਭਿਅਤਾ ੇ ਵਿਕਾਸ ਦੀ ਸਾਧਾਰਣ ਕਹਾਣੀ ਜਾਣਨੀ ਚਾਹੀਦੀ ਹੈ ।

ਸਾਡੀ ਇਹ ਧਰਤੀ ਸੂਰਜ ਦੇ ਦੂਜੇ ਗ੍ਰਹਾਂ ਵਾਂਗੂ ਪਹਿਲਾਂ ਸੂਰਜ ਵਿਚ ਹੀ ੀ । ਅਤੇ ਅਜ ਤੋਂ ਲਗਭਗ ਦੋ ਅਰਬ ਸਾਲ ਪਹਿਲਾਂ ਉਸ ਤੋਂ ਵਖ ਹੋ ਕੇ ਉਸ ਦੇ ਾਰੇ ਪਾਸੇ ਘੁੰਮਣ ਲੱਗੀ । ਆਰੰਭ ਵਿਚ ਇਹ ਜਲਦੀ ਹੋਈ ਭਾਫ (ਗੈਸ) ਦਾ ਗੋਲਾ ੀ । ਹੌਲੀ ਹੌਲੀ ਇਸਦੇ ਬਾਹਰ ਦਾ ਭਾਗ ਠੰਡਾ ਹੋਣ ਤੇ ਪੇਪੜੀ ਜੰਮਣ ਲਗੀ ਜਿਸ ੋਂ ਇਸ ਦੀਆਂ ਚਟਾਨਾਂ ਬਣੀਆਂ, ਜਿਨ੍ਹਾਂ ਦੇ ਟੋਇਆਂ ਵਿਚ ਪਾਣੀ ਜਮ੍ਹਾਂ ਹੋਣ ਠਗਾ । ਧਰਤੀ ਦਾ ਛਿਲਕਾ ਹੁਣ 22 ਤੋਂ 25 ਮੀਲ ਮੋਟਾ ਜਾਂ ਡੂੰਘਾ ਹੈ । ਉਸਦੀ ੇਠਲੀ ਤਹ ਦੀਆਂ ਚਟਾਨਾਂ ਵਿਚ ਜੀਵਾਂ ਦਾ ਕੋਈ ਚਿੰਨ੍ਹ ਨਹੀਂ ਹੈ । ਉਨ੍ਹਾਂ ਚਟਾਨਾਂ ੇ ਬਣਨ ਸਮੇਂ ਨੂੰ, ਜਿਹੜੀ ਪ੍ਰਿਥਵੀ ਦੀ ਲਗਭਗ ਅਧੀ ਆਯੂ ਸੀ, ਅਜੀਵ-ਕਲਪ azoic age) ਕਹਿੰਦੇ ਹਨ ।

ਕਿਸੇ ਹਰੇ ਪੱਤੇ ਨੂੰ ਸਿਆਹੀ-ਚੂਸ ਦੇ ਦੋ ਸਫ਼ਿਆਂ ਦੇ ਵਿਚ ਦਬਾ ਕੇ ਰਖ ਦਓ ਤਾਂ ਉਹ ਸੁਕ ਜਾਏਗਾ ਪਰ ਉਸਦੀ ਸ਼ਕਲ ਜਿਉਂ ਦੀ ਤਿਉਂ ਬਣੀ ਰਹੇਗੀ । ਤਸੇ ਤਰ੍ਹਾਂ ਜਿਹੜੇ ਜੀਵਾਂ ਦੇ ਹਿੱਸੇ ਚਟਾਨਾਂ ਵਿਚ ਦਬ ਜਾਂਦੇ ਹਨ, ਉਹ ਸੁੱਕ ਕੇ ਟਾਨ ਹੋ ਜਾਂਦੇ ਹਨ, ਪਰ ਉਨ੍ਹਾਂ ਦਾ ਰੂਪ ਉਸੇ ਤਰ੍ਹਾਂ ਹੀ ਬਣਿਆ ਰਹਿੰਦਾ ਹੈ । ਇਹੋ ੇਹੇ ਪੱਥਰ ਬਣੇ ਜੀਵਾਂ ਨੂੰ ਅਸੀਂ ਜੀਵਾਸ਼ਮ (Fossil) ਆਖਦੇ ਹਾਂ । ਪ੍ਰਿਥਵੀ ਦੀ ੇੱਪਰ ਵਾਲੀ ਤਹ ਵਿਚ ਵਖ ਵਖ ਪ੍ਰਕਾਰ ਦੇ ਜੀਵਾਸ਼ਮ ਪਾਏ ਜਾਂਦੇ ਹਨ । ਉਨ੍ਹਾਂ ਖ਼ ਵਖ ਜੀਵਾਸ਼ਮਾਂ ਦੇ ਅਨੁਸਾਰ ਹੀ ਉਨ੍ਹਾਂ ਤੈਹਾਂ ਦੇ ਨਾਉਂ ਰੱਖੇ ਗਏ ਹਨ ।

ਜੀਵਾਂ ਵਿਚ ਜੰਤੂ ਅਤੇ ਵਨਸਪਤੀ ਦੋਵੇਂ ਹਨ । ਸਭ ਤੋਂ ਹੇਠਲੇ ਪ੍ਰਕਾਰ ੇ ਜੀਵ ਉਹ ਘੋਗੇ ਯਾ ਮੁਲੈਮ ਕੀੜੇ ਹਨ ਜਿਨ੍ਹਾਂ ਦੀ ਰੀੜ੍ਹ ਦੀ ਹੱਡੀ ਨਹੀਂ ਹੁੰਦੀ । ਫ਼ਰ ਰੀੜ੍ਹ ਦੀ ਹੱਡੀ ਵਾਲੇ ਜਿਨ੍ਹਾਂ ਵਿਚੋਂ ਸਭ ਤੋਂ ਹੇਠਲੇ ਦਰਜੇ ਤੇ ਮਛੀਆਂ ਹਨ । ਫਿਰ ੱਡੂ ਜਿਸ ਤਰ੍ਹਾਂ ਉਭੈਚਰ ਜੋ ਆਪਣੇ ਬੱਚੇ ਪੈਦਾ ਕਰਨ ਲਈ ਉਬਲੇ ਪਾਣੀ ਵਿਚ ਲੇਸ ੇਹੀ ਛੱਡ ਦੇਂਦੇ ਹਨ, ਫਿਰ ਉਸਦਾ ਕੋਈ ਧਿਆਨ ਨਹੀਂ ਕਰਦੇ । ਫਿਰ ਰੇਂਗਣ ਵਾਲੇ ਾ ਛਾਤੀ ਭਾਰ ਚਲਣ ਵਾਲੇ (ਉਰਗ) ਜੋ ਆਪਣੇ ਅੰਡੇ ਯਾ ਬੱਚੇ ਧਰਤੀ ਤੇ ਦੇਂਦੇ ਨ, ਪਰ ਉਨ੍ਹਾਂ ਨੂੰ ਪਾਲਦੇ ਨਹੀਂ । ਉਰਗਾਂ ਤੋਂ ਉੱਚੇ ਵਰਗਾਂ ਦੇ ਹਨ ਪੰਛੀ ਅਤੇ ਮੰਮਲ ਸਤਨਪਾਈ) ਜੋ ਆਪਣੇ ਬੱਚਿਆਂ ਨੂੰ ਪਾਲਦੇ ਹਨ । ਵਨਸਪਤੀ ਵਿਚ ਭੀ ਇਸ ਪ੍ਰਕਾਰ

ਦੀਆਂ ਉੱਚੀਆਂ ਨੀਵੀਆਂ ਕਿਸਮਾਂ ਹਨ।

ਧਰਤੀ ਦੀ ਆਦਮ ਅਜੀਵ ਤਹ ਦੇ ਉੱਪਰ ਇਕ ਅਜੇਹੀ ਤਹ ਹੈ ਜਿਸ ਵਿਚ ਜੀਵਾਂ ਦੇ ਕੋਈ ਚਿੰਨ੍ਹ ਤਾਂ ਨਹੀਂ ਹਨ, ਪਰ ਘੋਘੇ ਜਾਂ ਮੁਲੈਮ ਵਨਸਪਤੀ ਦੀਆਂ ਛੱਡੀਆਂ ਹੋਈਆਂ ਲਕੀਰਾਂ ਵੀ ਮਿਲਦੀਆਂ ਅਤੇ ਅਜੇਹੇ ਪਦਾਰਥ ਹਨ ਜਿਨ੍ਹਾਂ ਦੇ ਬਣਨ ਲਈ ਕ੍ਰਿਮੀਆ ਕ੍ਰਿਆ ਜ਼ਰੂਰੀ ਹੈ। ਇਸ ਤਹ ਦੇ ਬਣਨ ਦਾ ਕਾਲ ਲਗਭਗ 50 ਕਰੋੜ ਸਾਲ ਹੈ। ਇਸ ਕਾਲ ਵਿਚ ਜੀਵਾਂ ਦਾ ਜਨਮ ਹੋਇਆ ਜਾਂ ਜੀਵਾਂ ਦੇ ਰਹੇ ਹੋਣ ਦੀ ਸੰਭਾਵਨਾ ਹੈ, ਇਸੇ ਲਈ ਉਸਨੂੰ ਜੀਵ ਸੰਭਵ ਕਲਪ (Proterozoic Age) ਕਿਹਾ ਜਾਂਦਾ ਹੈ।

ਇਸ ਤੋਂ ਉੱਪਰਲੀ ਤਹ ਦੀਆਂ ਹੇਠਲੀਆਂ ਤੈਹਾਂ ਵਿਚ ਮੱਛੀਆਂ ਅਤੇ ਪਾਣੀ ਦੇ ਬੂਟਿਆਂ ਦੇ ਅਤੇ ਉੱਪਰਲੀਆਂ ਤੈਹਾਂ ਵਿੱਚ ਉਭੈਚਰਾਂ ਅਤੇ ਰੇਸ਼ੇਦਾਰ ਪਰ ਬਿਨਾਂ ਫੁਲ ਪਤੀ ਦੇ ਬੂਟਿਆਂ ਦੇ ਪਿੰਜਰ ਮਿਲਦੇ ਹਨ। ਇਸ ਤਹ ਦੇ ਬਣਨ ਦਾ ਸਮਾਂ 30-33 ਕਰੋੜ ਸਾਲ ਸੀ, ਜਿਸ ਨੂੰ ਪੁਰਾਣਜੀਵ ਕਲਪ (Palaeozoic Age) ਕਿਹਾ ਜਾਂਦਾ ਹੈ।

ਇਹਦੇ ਉਪਰ ਵਾਲੀ ਤਹ ਵਿਚ ਰੇਂਗਣ ਵਾਲੇ ਜੰਤੂਆਂ ਦੇ ਪਿੰਜਰ ਹਨ ਜਿਨ੍ਹਾਂ ਵਿਚੋਂ ਬਹੁਤੇ ਸੌ ਸੌ ਫੁਟ ਤਕ ਦੇ ਹਨ। ਇਸ ਤਹ ਦੇ ਬਣਨ ਦਾ ਕਾਲ 12-13 ਕਰੋੜ ਸਾਲ ਸੀ ਜਿਸ ਨੂੰ ਮੱਧ ਜੀਵ ਕਲਪ (Mesozoic Age) ਦਾ ਨਾਉਂ ਦਿਤਾ ਗਿਆ ਹੈ। ਇਸ ਦੇ ਉੱਪਰ ਦੀ ਪਰਤ ਵਿਚ ਤਕਰੀਬਨ ਪੰਛੀਆਂ ਮੰਮਲਾਂ ਅਤੇ ਫੁਲਾਂ ਪਤੀਆਂ ਵਾਲੇ ਬੂਟਿਆਂ ਦੇ ਪਿੰਜਰ ਮਿਲਦੇ ਹਨ। ਇਹ ਤਹ ਲਗ ਭਗ 6-7 ਕਰੋੜ ਸਾਲ ਵਿਚ ਬਣੀ ਅਤੇ ਇਸ ਕਾਲ ਨੂੰ ਨਵਜੀਵ ਕਲਪ (Cainozoic) ਕਿਹਾ ਜਾਂਦਾ ਹੈ। ਪੁਰਾਣਜੀਵ, ਮੱਧ-ਜੀਵ ਅਤੇ ਨਵਜੀਵ ਕਲਪ ਨੂੰ ਸਿਲਸਿਲੇਵਾਰ ਪਹਲਾ (Primary) ਦੂਜਾ (Secondary) ਅਤੇ ਤੀਜਾ (Tertiary) ਕਲਪ ਵੀ ਕਹਿੰਦੇ ਹਨ। ਨਵਜੀਵ ਕਲਪ ਦੇ ਫਿਰ ਪੰਜ ਉਪ-ਵਿਭਾਗ ਹਨ-ਨਵਜੀਵੋਦਯ ਕਾਲ (Eocene Epoch), ਨਵਜੀਵ ਪ੍ਰਭਾਤ (Oligocene) ਕਾਲ ਮਧਨਵਜੀਵ (Miocene) ਕਾਲ, ਪ੍ਰੌੜ੍ਹ ਨਵਜੀਵ (Pliocene) ਕਾਲ ਅਤੇ ਪੂਰਣ ਨਵਜੀਵ (Pleistocene) ਕਾਲ। ਅਨੇਕ ਵਾਰ ਪੂਰਣ ਨਵਜੀਵ ਕਾਲ ਨੂੰ ਤੀਜਾ ਕਲਪ ਜਾਂ ਪੰਜਵਾਂ ਉਪ-ਵਿਭਾਗ ਕਹਿਣ ਦੀ ਥਾਂ ਚੌਥਾ (Quaternary) ਕਲਪ ਵੀ ਕਹਿ ਦਿਤਾ ਜਾਂਦਾ ਹੈ। ਇਸ ਕਾਲ ਦਾ ਅਰੰਭ ਅਜ ਤੋਂ ਵੀਹ ਕੁ ਲੱਖ ਸਾਲ ਪਹਿਲਾਂ ਹੋਇਆ।

ਅਜੀਵ ਕਲਪ ਦੇ ਪਿਛੋਂ ਪਾਣੀ ਵਿਚ ਜੀਵ ਦੀ ਲੇਸ ਪਹਿਲਾਂ ਪਹਿਲ ਕਿਵੇਂ ਪੈਦਾ ਹੋਈ, ਇਸ ਦੀ ਵਿਆਖਿਆ ਵਿਗਿਆਨਿਕ ਅਜੇ ਤਕ ਨਹੀਂ ਕਰ ਸਕੇ। ਪਰੰਤੂ ਉਹ ਆਰੰਭਿਕ ਲੇਸ ਤੋਂ ਸਿਲਸਿਲੇ ਵਾਰ ਸਭ ਜੀਵਾਂ ਦਾ ਵਿਕਾਸ ਕਿਸ ਤਰ੍ਹਾਂ ਹੋਇਆ, ਇਸ ਦੀ ਪੂਰੀ ਵਿਆਖਿਆ ਉਨ੍ਹਾਂ ਨੂੰ ਕਰ ਦਿੱਤੀ ਹੈ।

## 2. ਮਨੁਖ ਅਤੇ ਸਭਿਅਤਾ ਦਾ ਵਿਕਾਸ

ਮਨੁਖ ਪ੍ਰਾਣੀ ਦੇ ਪਿੰਜਰ ਪਹਿਲਾਂ ਪਹਿਲ ਪ੍ਰੌੜ੍ਹ ਨਵਜੀਵ ਕਾਲ ਦੀਆਂ ਸਭ ਤੋਂ ਉੱਪਰਲੀਆਂ ਤੈਹਾਂ ਵਿਚ ਮਿਲਣ ਲਗਦੇ ਹਨ। ਤਦ ਤੋਂ ਲੈ ਕੇ ਅਜ ਤੋਂ ਲਖ ਕੁ ਵਰ੍ਹੇ ਪਹਲਾਂ ਤਕ ਦੀਆਂ ਤੈਹਾਂ ਵਿਚ ਮਿਲੇ ਪਿੰਜਰਾਂ ਤੋਂ ਪ੍ਰਗਟ ਹੁੰਦਾ ਹੈ ਕਿ ਮਨੁੱਖ

ਪ੍ਰਾਣੀ ਦਾ ਸਿਲਸਿਲੇ ਵਾਰ ਵਿਕਾਸ ਕਿਵੇਂ ਹੋਇਆ। ਉਸ ਦੀਆਂ ਲੱਤਾਂ ਅਤੇ ਹੱਥ ਪਹਿਲਾਂ ਹੀ ਮਨੁਖ ਜੇਹੇ ਹੋ ਗਏ ਜਾਂ ਉਹ ਖੜਾ ਹੋ ਕੇ ਦੌੜ ਸਕਦਾ ਅਤੇ ਹੱਥ ਚਲਾ ਸਕਦਾ ਸੀ। ਹੱਥ ਚਲਾਣ ਦੇ ਨਾਲ ਨਾਲ ਉਹ ਹਥਿਆਰ ਬਣਾਨ ਲਗਾ; ਉਹ ਪੁਰਾਣੇ ਹਥਿਆਰ ਵੀ ਉਸਦੇ ਪਿੰਜਰਾਂ ਦੇ ਨਾਲ ਆਮ ਤੌਰ ਤੇ ਮਿਲਦੇ ਹਨ। ਉਸ ਤੋਂ ਪਿੱਛੋਂ ਉਸ ਦੇ ਦੰਦ ਵੀ ਮਨੁਖ ਜੇਹੇ ਹੋ ਗਏ। ਤਾਂ ਵੀ ਦਾੜ੍ਹ ਦੀ ਹੱਡੀ ਪਿੱਛੇ ਤੋਂ ਤੰਗ ਰਹੀ ਜਿਸ ਕਰਕੇ ਉਹ ਖੁਲ੍ਹ ਕੇ ਬੋਲ ਨਹੀਂ ਸਕਦਾ ਸੀ। ਗਰਦਨ ਵੀ ਅਗੇ ਝੁਕਦੀ ਰਹੀ। ਭੇਜੇ ਦਾ ਪਿਛਲਾ ਹਿੱਸਾ ਜੋ ਅੱਖ, ਚਮੜੀ ਅਤੇ ਹੱਥਾਂ ਪੈਰਾਂ ਨੂੰ ਚਲਾਂਦਾ ਹੈ, ਪਹਿਲਾਂ ਤਾਕਤਵਰ ਹੋਇਆ, ਅਗਲਾ ਹਿੱਸਾ ਜੋ ਬੋਲੀ ਅਤੇ ਵਿਚਾਰ ਨੂੰ ਚਲਾਂਦਾ ਹੈ ਪਿਛੋਂ ਜਾ ਕੇ। ਹੌਲੇ ਹੌਲੇ ਅਜ ਤੋਂ ਪੰਜਾਹ ਹਜ਼ਾਰ ਵਰ੍ਹੇ ਪਹਲਾਂ ਦੇ ਇਸ ਤਰ੍ਹਾਂ ਦੇ ਪਿੰਜਰ ਮਿਲਦੇ ਹਨ ਜੋ ਬਿਲਕੁਲ ਅਜੋਕੇ ਮਨੁਖ ਦੀ ਤਰ੍ਹਾਂ ਹਨ, ਸਗੋਂ ਜਿਨ੍ਹਾਂ ਵਿੱਚੋਂ ਬਹੁਤਿਆਂ ਦੀਆਂ ਦਿਮਾਗ-ਪੇਟੀਆਂ ਅਜ ਦੇ ਮਨੁਖ ਨਾਲੋਂ ਵਡੀਆਂ ਹਨ।


ਮਨੁਖ ਦੇ ਸਾਧਨਾਂ ਅਤੇ ਜੀਵਕਾ ਵਿਚ ਲਗਭਗ ਉੱਨਤੀ ਹੋਣ ਕਰਕੇ ਉਸ ਦੀ ਸਭਿਅਤਾ ਦਾ ਵਿਕਾਸ ਹੋਇਆ। ਆਰੰਭ ਵਿਚ ਉਹ ਆਖੇਟਕ ਜਾਂ ਸ਼ਿਕਾਰੀ ਸੀ-ਆਪਣਾ ਭੋਜਨ ਉਪਜਾਂਦਾ ਨਹੀਂ ਸੀ, ਸਗੋਂ ਕੁਦਰਤ ਤੋਂ ਫਲ ਫੁਲ, ਮਾਸ ਇਕੱਠਾ ਕਰ ਕੇ ਖਾਂਦਾ ਸੀ। ਉਸ ਦੇ ਪਹਲੇ ਹਥਿਆਰ ਪੱਥਰ, ਲਕੜੀ ਜਾਂ ਹੱਡੀ ਦੇ ਸਨ। ਉਹ ਅਜ ਤੋਂ ਪੰਜ ਕੁ ਲਖ ਵਰ੍ਹੇ ਪਹਲਾਂ ਦੇ ਅੰਦਾਜ਼ੇ ਲਗਾਏ ਗਏ ਹਨ। ਤਦ ਤੋਂ ਲੈ ਕੇ ਅਜ ਤੋਂ 50 ਕੁ ਹਜਾਰ ਵਰ੍ਹੇ ਪਹਲਾਂ ਤਕ ਦੀ ਭੂਮੀ ਦੀਆਂ ਤੈਹਾਂ ਤੋਂ ਮਨੁਖ ਦੇ ਘੜੇ ਹੋਏ ਪੱਥਰ ਦੇ ਹਥਿਆਰ ਬਰਾਬਰ ਮਿਲਦੇ ਹਨ ਜਿਨ੍ਹਾਂ ਦੀ ਬਨਾਵਟ ਦੀ ਸਿਲਸਿਲੇਵਾਰ ਉੱਨਤੀ ਹੁੰਦੀ ਜਾਂਦੀ ਹੈ। ਚਕਮਕ ਪੱਥਰ ਦੇ ਹਥਿਆਰ ਬਣਾਂਦੇ ਬਣਾਂਦੇ ਮਨੁਖ ਨੇ ਅੱਗ ਬਾਲਣਾ ਵੀ ਸਿਖ ਲਿਆ। ਮਨੁਖੀ ਸਭਿਅਤਾ ਦੇ ਇਸ ਕਾਲ ਨੂੰ ਪੂਰਵ ਪੱਥਰ ਯੁਗ (Early Palaeolithic) ਕਿਹਾ ਜਾਂਦਾ ਹੈ।

ਸ਼ਕਲ ਸੂਰਤ ਵਿਚ ਪੂਰਾ ਮਨੁਖ ਬਣ ਜਾਣ ਤੋਂ ਪਿਛੋਂ ਵੀ ਅਤੇ 15-20 ਹਜਾਰ ਵਰ੍ਹੇ ਤਕ ਮਨੁਖ ਉਹੋ ਜੇਹੇ ਹਥਿਆਰਾਂ ਨੂੰ ਕੁਝ ਹੋਰ ਸੁਧਾਰਦਾ ਵਰਤਦਾ ਰਿਹਾ। ਉਹ ਪਿਛਲਾ ਪੱਥਰ ਯੁਗ ਸੀ।

ਉਸ ਤੋਂ ਪਿਛੋਂ ਨਵਾਂ ਪੱਥਰ ਯੁਗ (Neolithic) ਆਇਆ ਅਤੇ ਉਸ ਸਮੇਂ ਵਿਚ ਮਨੁਖ ਨੇ ਪਸ਼ੂ ਪਾਲਨ ਅਤੇ ਆਰੰਭਿਕ ਖੇਤੀ ਅਤੇ ਰਹਿਣ ਲਈ ਟਪਰੀਆਂ ਬਨਾਣਾ ਵੀ ਸ਼ੁਰੂ ਕੀਤਾ। ਅਜ ਤੋਂ 10-12 ਹਜਾਰ ਵਰ੍ਹੇ ਪਹਿਲਾਂ ਤਕ ਏਸ਼ੀਆ ਦੇ ਮੁਖ ਭਾਗ, ਉੱਤਰੀ ਅਫ਼ਰੀਕਾ ਅਤੇ ਯੂਰਪ ਵਿਚ ਮਨੁਖਾਂ ਦੀਆਂ ਟੋਲੀਆਂ ਇਸ ਪ੍ਰਕਾਰ ਜੀਵਨ ਬੀਤਾਂਦੀਆਂ ਸਨ।

ਇਹਦੇ ਪਿੱਛੋਂ ਮਨੁਖ ਧਾਤਾਂ ਤੋ ਵਾਕਿਫ਼ ਹੋਇਆ। ਪੱਥਰ ਦੀ ਬਜਾਏ ਤਾਂਬੇ ਦੇ ਹਥਿਆਰ ਬਣਨ ਲਗੇ, ਹਲ ਦੀ ਈਜਾਦ ਨਾਲ ਪੱਕੇ ਤੌਰ ਤੇ ਖੇਤੀ ਸ਼ੁਰੂ ਹੋਈ। ਅੰਤ ਵਿਚ ਅਜ ਤੋਂ ਲਗ ਭਗ ਚਾਰ ਹਜ਼ਾਰ ਵਰ੍ਹੇ ਪਹਿਲਾਂ ਲੋਹੇ ਪ੍ਰਯੋਗ ਚਲਿਆ ਅਤੇ ਫਿਰ ਕਾਰੀਗਰਾਂ ਦਾ ਸਥਾਨ ਉੱਚਾ ਹੋਇਆ।

ਮਨੁਖੀ-ਟੋਲੀਆਂ ਦੇ ਸੰਗਠਨ ਤਰੀਕਿਆਂ ਵਿਚ ਜੀਵਕਾ-ਸਾਧਨਾਂ ਦੇ ਨਾਲ ਨਾਲ ਤਬਦੀਲੀ ਹੁੰਦੀ ਗਈ। ਮਨੁਖੀ ਮਨ ਦੀਆਂ ਉਚੀਆਂ ਇੱਛਾਵਾਂ ਸੱਚ ਨੂੰ ਖੋਜਣਾ, ਭਲਾਈ




ਨਕਸ਼ਾ-3. ਭਾਰਤ ਦਾ ਉੱਤਰ-ਪੱਛਮੀ ਸੀਮਾਂਤ

**ਸੰਕੇਤ**

| | | | |
|---|---|---|---|
| ਸੁ ਸੁ ਸੁ ਸੁ ਸੁ | = ਸੁਲੇਮਾਨ ਸੰਗਲੀ | ਹਿ ਹਿ ਹਿ ਹਿ ਹਿ | = ਹਿੰਦੂਕਸ਼ ਸੰਗਲੀ (ਹਿੰਦਕੋਹ) |
| ਸ਼ੀ ਸ਼ੀ ਸ਼ੀ ਸ਼ੀ ਸ਼ੀ | = ਸ਼ੀਨਗਰ ਸੰਗਲੀ | ਕੋਬ ਕੋਬ ਕੋਬ ਕੋਬ ਕੋਬ | = ਕੋਹੇ ਬਾਬਾ ਸੰਗਲੀ |
| ਕਾ ਕਾ ਕਾ ਕਾ ਕਾ | = ਕਕੜ ਸੰਗਲੀ | ਬਬ ਬਬ ਬਬ ਬਬ ਬਬ | = ਬੰਦੇ-ਬਾਬਾ ਸੰਗਲੀ |
| ਟ ਟ ਟ ਟ ਟ | = ਟੋਬਾ ਸੰਗਲੀ | ਬਤੂ ਬਤੂ ਬਤੂ ਬਤੂ ਬਤੂ | = ਬੰਦੇ ਤੁਰਕਿਸਤਾਨ ਸੰਗਲੀ |
| ਅਮ ਅਮ ਅਮ ਅਮ ਅਮ | = ਖ਼ਾਜਾ ਅਮਰਾਨ ਸੰਗਲੀ | (ਚਿੰਨ੍ਹ) | = ਹੋਰ ਪਹਾੜ |
| ][ | = ਘਾਟੀ | ● | = ਨਗਰ |

ਰਨਾ ਅਤੇ ਸੁੰਦਰ ਚੀਜ਼ਾਂ ਨੂੰ ਚਾਹੁਣ ਤੇ ਬਨਾਣ ਦੀ ਇੱਛਾ ਨੇ ਵੀ ਇਸ ਵਿਕਾਸ ਨੂੰ ਭਾਵਿਤ ਕੀਤਾ।

ਮਨੁੱਖ ਦੇ ਅਨੇਕ ਬੰਸ (races) ਸੰਸਾਰ ਦੇ ਵੱਖ ਵੱਖ ਭਾਗਾਂ ਵਿਚ ਸਨ ਜਿਨ੍ਹਾਂ ਦੇ ਗ ਰੂਪ ਅਤੇ ਬੋਲੀਆਂ ਵੀ ਵੱਖ ਵੱਖ ਸਨ ਅਤੇ ਉਨ੍ਹਾਂ ਸਾਰਿਆਂ ਦੀ ਸਭਿਅਤਾ ਕੁਝ ਨਾ ਝ ਇਸੇ ਢੰਗ ਅਨੁਸਾਰ ਚਲੀ।

## 3. ਭਾਰਤ ਦੀ ਉੱਤਰੀ ਪੱਛਮੀ ਹਦ ਦਾ ਵਿਕਾਸ, ਉਸ ਵਿਚ ਮਨੁੱਖ ਦੇ ਪਹਿਲੇ ਚਿੰਨ੍ਹ

ਭੂਮੀ ਗਰਭ--ਉਨਤੀ ਦੀ ਦ੍ਰਿਸ਼ਟੀ ਤੋਂ ਸਾਡਾ ਭਾਰਤ ਸੰਸਾਰ ਦੇ ਦੋ ਵਖ ਵਖ ਡਿਾਂ ਦੇ ਮੇਲ ਤੋਂ ਬਣਿਆ ਹੈ। ਉੱਤਰੀ ਭਾਰਤ ਦੇ ਮੈਦਾਨ ਦੇ ਦੱਖਣ ਵਲ ਰਾਜਸਥਾਨ ਤੋਂ ਝਾੜਖੰਡ-ਉੜੀਸਾ ਤਕ ਦੀ ਭੂਮੀ ਦਾ ਜੋ ਉਠਾਨ ਸ਼ੁਰੂ ਹੁੰਦਾ ਹੈ ਉਥੋਂ ਕੰਨਿਆ-ਮਾਰੀ ਤਕ ਦਾ ਪਰਾਏਦੀਪ ਜ਼ਮੀਨ ਦੇ ਸਭ ਤੋਂ ਪੁਰਾਣੇ ਸਥਰਾਂ ਵਿਚੋਂ ਹੈ, ਇਸ ਦਾ ਖ ਭਾਗ ਅਜੀਵ ਕਲਪ ਦੀਆਂ ਸਭ ਤੋਂ ਪੁਰਾਣੀਆਂ ਚਟਾਨਾਂ ਨਾਲ ਬਣਿਆ ਹੈ। ਉਸ ਤੇ ਜੀਵਨ ਦੇ ਕਰੋੜਾਂ ਵਰ੍ਹਿਆਂ ਵਿਚ ਸਾਡੀ ਹੱਦ ਦੇ ਪਹਾੜ ਅਤੇ ਪਠਾਰ ਗਹਰੇ ਸਮੁੰਦਰ ਵਚ ਸਨ। ਉਹ ਨਵਜੀਵ ਕਲਪ ਦੇ ਭੁਚਾਲਾਂ ਕਰਕੇ ਉੱਪਰ ਉੱਠੇ ਹਨ। ਉੱਤਰੀ ਭਾਰਤ ਦਾ ਮੈਦਾਨ ਜੋ ਇਨ੍ਹਾਂ ਦੋਹਾਂ ਖੰਡਾਂ ਤੋਂ ਵਹਿ ਕੇ ਆਈ ਮਿਟੀ ਨਾਲ ਬਣਿਆ ਹੈ ਕੁਝ ਹਜ਼ਾਰ ਵਰ੍ਹਿਆਂ ਦਾ ਹੀ ਹੈ।

ਮਹਾਂ-ਹਿਮਾਲਾ ਦੀਆਂ ਸਭ ਤੋਂ ਵਿਚਲੀਆਂ ਤੈਹਾਂ ਵਿਚ ਵੀ ਸਮੁੰਦਰ ਜੀਵਾਸ਼ਮ ਹਨ। ਨਵਜੀਵ ਕਲਪ ਦਾ ਪਹਿਲਾ ਉਪ-ਵਿਭਾਗ-ਨਵਜੀਵੋਦਯ ਕਾਲ-ਬੀਤ ਜਾਣ ਤੋਂ ਪਿਛੋਂ ਛੋਟੇ ਹਿਮਾਲਾ ਦੇ ਪਹਾੜ ਉਸੇ ਤਰ੍ਹਾਂ ਉੱਠੇ। ਉੱਤਰੀ ਭਾਰਤ ਦਾ ਸਮੁੰਦਰ ਜਾਂ ਕੁੰਡ ਤਦੋਂ ਲਗਾਤਾਰ ਪਿਛੇ ਹਟ ਰਿਹਾ ਸੀ। ਛੋਟੇ ਹਿਮਾਲਾ ਦੇ ਪੂਰਬੀ ਸਿਰੇ ਤੋਂ ਉਸ ਦੇ ਕਿਨਾਰੇ ਨਾਲ ਵਗਦੀ ਇਕ ਨਦੀ ਉੱਤਰ ਪੱਛਮੀ ਸਿਰੇ ਤੇ ਪਹੁੰਚ ਕੇ ਸਮੁੰਦਰ ਦੀ ਖਾੜੀ ਵਿਚ ਮਿਲਦੀ ਸੀ। ਇਸ ਨਦੀ ਵਿਚ ਬ੍ਰਹਮ-ਪੁਤਰ ਅਤੇ ਸਿੰਧ ਦੋਵੇਂ ਮਿਲ ਜਾਂਦੀਆਂ ਸਨ, ਇਸੇ ਲਈ ਇਸ ਨਦੀ ਦਾ ਨਾਉਂ ਭੂਗੋਲ ਗਿਆਨੀਆਂ ਨੇ ਬ੍ਰਹਮ-ਸਿੰਧ ਰਖਿਆ ਹੈ (ਅੰਗ੍ਰੇਜ਼ੀ ਵਿਚ ਇੰਡੋ ਬ੍ਰਹਮ)। ਪੂਰਨ ਨਵਜੀਵ ਕਾਲ ਜਾਂ ਤੀਜੇ ਕਲਪ ਦੇ ਸ਼ੁਰੂ ਵਿਚ-ਅਜ ਤੋਂ ਲਗਭਗ ਵੀਹ ਲੱਖ ਵਰ੍ਹੇ ਪਹਿਲਾਂ-ਇਸ ਨਦੀ ਦਾ ਪਾਟ ਆਪਣੇ ਵਜ਼ਨੀ ਤਲਛਟਿਆਂ ਸਹਿਤ ਭੁਚਾਲਾਂ ਦੁਆਰਾ ਉਪਰ ਉੱਠ ਗਿਆ ਜਿਸ ਤੋਂ ਉਪ-ਹਿਮਾਲਾ ਦੇ ਪਰਬਤ ਬਣੇ, ਜੋ ਪੰਜਾਬ ਵਿਚ ਜੰਮੂ ਤੋਂ ਹਰਦਵਾਰ ਤਕ ਸ਼ਿਵਾਲਕ ਕਹਿਲਾਂਦੇ ਹਨ। ਇਸ ਦੇ ਪਿੱਛੋਂ ਦੇ ਭੁਚਾਲਾਂ ਨਾਲ ਪੋਠੋਹਾਰ ਤੇ ਕੁਰਕਸ਼ੇਤਰ ਦੀਆਂ ਭੂਮੀਆਂ ਉਠੀਆਂ। ਕੁਰਕਸ਼ੇਤਰ ਭੂਮੀ ਦੇ ਉਠਣ ਨਾਲ ਗੰਗਾ ਪਰਿਵਾਰ ਦੀਆਂ ਨਦੀਆਂ ਦਾ ਰੁਖ ਇਕ ਤਰਫ ਅਤੇ ਸਿੰਧ ਪਰਿਵਾਰ ਵਾਲੀਆਂ ਦਾ ਦੂਜੇ ਪਾਸੇ ਹੋ ਗਿਆ।

ਸ਼ਿਵਾਲਕ ਦੀ ਰਚਨਾ ਦੇ ਪਿਛੋਂ ਉੱਤਰੀ ਮੈਦਾਨ ਦਾ ਮਹਾਨ ਹਿਮਕਾਲ (Ice Age ਜਾਂ Glacial Period) ਸ਼ੁਰੂ ਹੋਇਆ ਜਿਸ ਵਿਚ ਉੱਤਰੀ ਧਰੁਵ ਤੋਂ 39° ਅਖਸ਼ਾਤਰ ਤਕ ਦੀ ਭੂਮੀ ਬਰਫ ਨਾਲ ਢਕ ਗਈ। ਬਹੁਤ ਚਿਰ ਪਿਛੋਂ ਹੜ੍ਹ ਉਤਰਿਆ, ਕੁਝ ਚਿਰ ਪਿੱਛੋਂ ਦੂਜਾ ਹੜ ਆਇਆ। ਅਜਿਹੇ ਕੁਲ ਚਾਰ ਹੜ੍ਹ ਲਗਾਤਾਰ ਆਏ

ਤੇ ਉਤਰੇ । ਅੰਤਿਮ ਬਰਫ ਦਾ ਹੜ੍ਹ ਅਜ ਤੋਂ ਲਗਭਗ 20 ਹਜ਼ਾਰ ਵਰ੍ਹੇ ਪਹਿਲਾਂ ਹੀ ਹਟਿਆ । ਮਨੁੱਖ ਪ੍ਰਾਣੀ ਪੂਰਨ-ਨਰਜੀਵ ਕਾਲ ਦੇ ਅਰੰਭ ਵਿਚ ਕੁਝ ਸਥਾਨਾਂ ਤੇ ਪ੍ਰਗਟ ਹੋ ਚੁਕਿਆ ਸੀ । ਬਰਫ਼-ਹੜ੍ਹਾਂ ਨੇ ਉਸ ਨੂੰ ਦੱਖਣ ਵਲ ਧੱਕ ਦਿੱਤਾ ।

ਹਿਮਾਲਾ ਦੀ ਬਰਫ਼-ਰੇਖਾ ਅਜ ਸਮੁੰਦਰ-ਤਹਿ ਤੋਂ 13-15 ਹਜ਼ਾਰ ਫੁਟ ਉੱਪਰ ਹੈ । ਹਿਮ-ਕਾਲਾਂ ਵਿਚ ਉਹ 5000 ਫੁਟ ਤਕ ਉਤਰ ਆਉਂਦੀ ਸੀ । ਸਮੁੱਚੀ ਕਸ਼ਮੀਰ ਦੂਨ ਸਮੁੰਦਰ ਸਤਾ ਤੋਂ 5200 ਫੁਟ ਤੋਂ ਵਧ ਉਚੀ ਹੈ, ਇਸ ਲਈ ਉਹ ਹਿਮ-ਕਾਲਾਂ ਵਿਚ ਬਰਫ਼ ਨਾਲ ਢਕ ਜਾਂਦੀ; ਫਿਰ ਹਿਮਾਂਤਰ ਯੁਗਾਂ (ਬਰਫ਼ ਯੁਗਾਂ) (Interglacial P'riods) ਵਿਚ 1000 ਫੁਟ ਗਹਿਰੇ ਪਾਣੀ ਦੀ ਝੀਲ ਬਣ ਜਾਂਦੀ । ਉਸਦੇ ਪਾਣੀ ਦਾ ਨਿਕਾਸ ਇਕ ਹੀ ਪਾਸੇ-ਕੇਵਲ ਬਾਰਾਮੂਲੇ ਦੇ ਰਸਤੇ-ਹੀ ਸੀ, ਇਸ ਲਈ ਉਹ ਹੌਲੇ ਹੌਲੇ ਖ਼ਾਲੀ ਹੁੰਦੀ, ਫਿਰ ਭਰਦੀ । ਉਹ ਝੀਲ ਦੇ ਉੱਤਰ ਤੋਂ ਪਰਬਤਾਂ ਦੀਆਂ ਢਲਵਾਨਾਂ ਦੇ ਨਾਲ ਅਨੇਕ ਚਪਟੀਆਂ ਤਲਛਟ ਵੇਦੀਆਂ ਬਣ ਜਾਂਦੀਆਂ । ਕਸ਼ਮੀਰ ਦੂਨ ਦਾ ਅਧਾ ਹਿੱਸਾ ਇਹੋ ਜੇਹੀਆਂ ਵੇਦੀਆਂ ਨਾਲ ਬਣਿਆ ਹੈ, ਜਿਨ੍ਹਾਂ ਨੂੰ ਉਥੇ ਕਰੇਵਾ ਕਹਿੰਦੇ ਹਨ । ਉੱਪਰਲੇ ਕਰੇਵਿਆਂ ਨਾਲ ਮੰਮਲਾਂ ਦੇ ਜੀਵਾਸ਼ਮਾਂ ਦੇ ਨਾਲ ਪਥਰਾਂ ਦੇ ਹਥਿਆਰ ਵੀ ਮਿਲੇ ਹਨ, ਜਿਨ੍ਹਾਂ ਵਿਚੋਂ ਸਭ ਤੋਂ ਪੁਰਾਣੇ ਪੌਦੇ ਪੰਜ ਲਖ ਵਰ੍ਹੇ ਦੇ ਮਿਥੇ ਗਏ ਹਨ ।

ਪੋਠੋਹਾਰ ਵਿਚ ਸੁਆਂ (ਸੁਹਾਂ) ਨਾਮਕ ਬਰਸਾਤੀ ਨਦੀ ਵਗਦੀ ਹੈ ਜੋ ਕਾਲਾ ਬਾਗ ਦੇ ਸਾਹਮਣੇ ਸਿੰਧ ਵਿਚ ਮਿਲਦੀ ਹੈ । ਇਸ ਤੁਛ ਨਦੀ ਦਾ ਵਿਸ਼ਾਲ ਪਾਟ ਹੀ ਪੁਰਾਣੀ ਬ੍ਰਹਮ-ਸਿੰਧ ਦਾ ਮੁਹਾਣਾ ਸੀ । ਇਸ ਦੀ ਦੂਨ ਵਿਚ ਪੁਰਾਣੇ ਚਿਨ੍ਹਾਂ ਦੇ ਵੀਹਾਂ ਹੀ ਕਾਰਖਾ-ਨਿਆਂ ਦੀਆਂ ਬਾਕੀ ਨਿਸ਼ਾਨੀਆਂ ਮਿਲਦੀਆਂ ਹਨ ਜੋ 50 ਹਜ਼ਾਰ ਤੋਂ 25 ਹਜ਼ਾਰ ਸਾਲ ਪੁਰਾਣੇ ਮਿਥੇ ਗਏ ਹਨ । ਇਨ੍ਹਾਂ ਤੋਂ ਅਤੇ ਕਸ਼ਮੀਰ ਤੋਂ ਮਿਲੇ ਪੁਰਾਣੇ ਚਿਨ੍ਹਾਂ ਤੋਂ ਸਿੱਧ ਹੁੰਦਾ ਸੀ ਕਿ ਅੰਤਿਮ ਦੋ ਬਰਫ਼-ਹੜ੍ਹਾਂ ਕਾਲ ਵਿਚ ਭਾਰਤ ਦੀ ਉੱਤਰੀ ਪਛਮੀ ਹਦ ਵਿਚ ਮਨੁੱਖ ਮੌਜੂਦ ਸੀ ।

ਇਧਰ ਸੰਨ 1961 ਵਿਚ ਸਤਲੁਜ ਦੀ ਸ਼ਿਵਾਲਕ ਅਤੇ ਸੋਲਾ-ਸਿੰਗੀ ਦੇ ਵਿਚ ਦੀ ਭਾਖੜਾ ਬਿਲਾਸਪੁਰ ਤਕ ਦੀ ਸਮੁੱਚੀ ਦੂਨ ਦੀ ਖੋਜ ਵਿਚੋਂ ਕਸ਼ਮੀਰ ਦੂਨ ਜਿਹੇ ਪੁਰਾਣੇ ਚਿੰਨ੍ਹ ਮਿਲੇ ਹਨ ।[1] ਜਿਸ ਤੋਂ ਇਹ ਨਿਸ਼ਚਿਤ ਅੰਦਾਜ਼ਾ ਹੁੰਦਾ ਹੈ ਕਿ ਹਿਮਾਲਾ ਦੀਆਂ ਹੋਰ ਦੂਨਾਂ ਵਿਚ ਵੀ ਇਹੋ ਜਿਹੇ ਮਨੁੱਖੀ ਚਿੰਨ੍ਹ ਹੋਣਗੇ । ਉਂਝ ਤਾਂ ਇਹ ਪ੍ਰਗਟ ਹੋਇਆ ਕਿ ਅਜ ਤੋਂ ਤਿੰਨ ਚਾਰ ਲਖ ਵਰ੍ਹੇ ਪਹਿਲਾਂ ਜਦੋਂ ਪਹਿਲਾਂ ਪੰਜਾਬ ਦਾ ਅਤੇ ਗੰਗਾ ਜਮਨਾ ਦਾ ਮੈਦਾਨ ਸਮੁੰਦਰ ਦੇ ਅੰਦਰ ਸੀ ਤਦ ਵੀ ਹਿਮਾਲਾ ਦੀਆਂ ਦੂਨਾਂ ਵਿਚ ਮਨੁੱਖ ਘੁੰਮਦੇ ਅਤੇ ਸ਼ਿਕਾਰ ਖੇਡਦੇ ਸਨ ।

ਸੁਹਾਂ ਵਾਲੇ ਪੁਰਾਣੇ ਚਿਨ੍ਹਾਂ ਦੇ ਨਾਲ ਮਿਲੀਆਂ ਖੋਪੜੀਆਂ ਕਿਸ ਬੰਸ ਦੀਆਂ ਹਨ, ਇਸ ਦੀ ਜਾਂਚ ਨਹੀਂ ਕੀਤੀ ਗਈ । ਸਾਡੀ ਪੁਰਾਤਨ ਅਨੁਸ਼ਰੁਤੀ (ਪਰੰਪਰਾਗਤ, ਕਹਾਣੀਆਂ) ਵਿਚ ਮਹਾਂ ਭਾਰਤ ਦੇ ਯੁਧ ਦੇ ਪਿੱਛੋਂ ਰਾਜਾ ਜਨਮੇਜਯ ਦੇ ਕਾਲ ਵਿਚ ਤਕਸ਼ਲਾ ਦੇ ਨਾਗ ਲੋਕਾਂ ਦਾ ਵਰਣਨ ਹੈ । ਸਾਡਾ ਅੰਦਾਜ਼ਾ ਹੈ ਕਿ ਸੁਹਾਂ ਦੂਨ ਦੇ ਪੁਰਾਣੇ

---

[1]ਇਸ ਦੂਨ ਦੀ ਖੋਜ ਕੀਤੀ ਜਾਣ ਦੀ ਕਹਾਣੀ ਦਿਲਚਸਪ ਹੈ । ਵੇਖੋ ਹੇਠਾਂ ਅਧਿਆਇ ਤਿੰਨ ਦਾ ਬਾਕੀ ਭਾਗ ।

ਚਿੰਨ੍ਹ ਉਨ੍ਹਾਂ ਦੇ ਬਜ਼ੁਰਗਾਂ ਦੇ ਹੋਣਗੇ।

ਉੱਤਰੀ ਭਾਰਤ ਦਾ ਮੈਦਾਨ, ਜਿਹੜਾ ਨਦੀਆਂ ਦੀ ਲਿਆਂਦੀ ਹੋਈ ਮਿੱਟੀ ਤੋਂ ਬਣਿਆ ਹੈ, ਅਜ ਤੋਂ 6-7 ਹਜ਼ਾਰ ਵਰ੍ਹੇ ਪਹਿਲਾਂ ਹੀ ਮਨੁਖ ਦੇ ਰਹਿਣ ਯੋਗ ਹੋਇਆ। ਉਸਦੇ ਮੁਖ ਨਿਵਾਸੀ ਆਰਯ ਬੋਲੀ ਵਾਲੇ ਹਨ ਜੋ ਸਭਿਅਤਾ ਦੀ ਪਹਲੀ ਮੰਜ਼ਲ ਨੂੰ ਅਜ ਤੋਂ 10-12 ਹਜ਼ਾਰ ਵਰ੍ਹੇ ਪਹਲਾਂ ਲੰਘ ਚੁਕੇ ਸਨ। ਵੈਸੇ ਉੱਤਰੀ ਭਾਰਤ ਦੇ ਮੈਦਾਨ ਤੋਂ ਕੋਈ ਪੁਰਾਣੇ ਚਿੰਨ੍ਹ, ਜਾਂ ਨਵੇਂ ਹਥਿਆਰ ਨਹੀਂ ਮਿਲੇ ਅਤੇ ਨਾ ਮਿਲ ਸਕਦੇ ਹਨ।

ਅਧਿਆਇ ਤੀਜਾ

# ਪਹਿਲੀਆਂ ਸਭਿਅਤਾਵਾਂ

## 1. ਸਿੰਧ ਘਾਟੀ ਦੀ ਸਭਿਅਤਾ

ਉੱਤਰ ਭਾਰਤੀ ਮੈਦਾਨ ਦੇ ਮਨੁਖਾਂ ਦੇ ਰਹਿਣ ਯੋਗ ਹੋਣ ਦੇ ਪਿਛੋਂ ਉਸ ਵਿਚ ਜਿਸ ਪਹਿਲੀ ਸਭਿਅਤਾ ਦੇ ਚਿੰਨ੍ਹ ਮਿਲੇ ਹਨ ਉਹ ਹੈ ਸਿੰਧ ਘਾਟੀ ਦੀ ਸਭਿਅਤਾ। ਇਸਦੇ ਚਿੰਨ੍ਹ ਅਜ ਤੋਂ ਪੰਜ ਹਜ਼ਾਰ ਸਾਲ ਪੁਰਾਣੇ, ਜ਼ਮੀਨ ਦੀ ਤਹਿ ਵਿਚੋਂ ਪਹਲਾਂ ਸਤਲੁਜ-ਰਾਵੀ ਦੁਆਬ ਵਿਚ ਸਾਹੀਵਾਲ (ਮਿੰਟਗੁਮਰੀ) ਜ਼ਿਲੇ ਦੇ ਹੜੱਪੇ ਸਥਾਨ ਤੋਂ ਸਿੰਧ ਪਰਾਂਤ ਵਿਚ ਲੜਕਾਨਾ ਜ਼ਿਲੇ ਦੇ ਮੋਹਿਉਂ-ਜੋ-ਦੜੋ,[1] ਸਥਾਨਾਂ ਜਾਂ ਕਲਾਤ ਪਠਾਰ ਦੇ ਨਾਲ ਆਦਿ ਸਥਾਨਾਂ ਵਿਚ ਮਿਲੇ ਸਨ। ਪਿਛਲੇ ਕੁਝ ਸਾਲਾਂ ਵਿਚ ਉਹ ਦੱਖਣ ਤਕ ਖੰਭਾਤ ਦੀ ਖਾੜੀ ਤਕ ਤੇ ਉੱਤਰ-ਪੂਰਬ ਵਲ ਸਤਲੁਜ ਦੇ ਖੱਬੇ ਕਿਨਾਰੇ ਤੇ ਰੋਪੜ ਤਕ ਵੀ ਮਿਲੇ ਹਨ। ਇਸ ਦਾ ਇਹ ਅਰਥ ਹੈ ਕਿ ਸਭਿਅਤਾ ਸਮੁੱਚੇ ਪੱਛਮੀ ਭਾਰਤ ਵਿਚ ਅਤੇ ਸਿੰਧ-ਸਤਲੁਜ ਦੇ ਸਮੁੱਚੇ ਮੈਦਾਨ ਵਿਚ ਫੈਲੀ ਹੋਈ ਸੀ।

ਮੋਹਿਉਂ-ਜੋ-ਦੜੋ ਦੇ ਸਥਾਨ ਤੇ ਇਕ ਸੁੰਦਰ ਨਗਰੀ ਸੀ ਜਿਸਦੀਆਂ ਇਮਾਰਤਾਂ ਇੱਟਾਂ ਤੇ ਪੱਥਰ ਦੀਆਂ ਸਨ ਅਤੇ ਮਕਾਨ, ਨਾਲੀਆਂ, ਗਲੀਆਂ ਤੇ ਬਾਜ਼ਾਰ ਬਹੁਤ ਹੀ ਸਿਲਸਿਲੇਵਾਰ ਬਣੇ ਹੋਏ ਸਨ। ਉਥੋਂ ਦੇ ਲੋਕ ਕਣਕ ਦੀ ਖੇਤੀ ਕਰਨਾ, ਕਪਾਸ ਦੇ ਕਪੜੇ ਬੁਣਨਾ ਤੇ ਲਿਖਣਾ ਵੀ ਜਾਣਦੇ ਸਨ। ਉਥੋਂ ਦੇ ਖੰਡਰਾਂ ਵਿਚ ਵੱਟੇ ਮਿਲੇ ਹਨ ਜਿਹੜੇ ਲਗਭਗ ਇਕ ਦੂਜੇ ਤੋਂ ਦੂਣੇ ਤੋਲ ਦੇ ਹਨ। ਜਿੰਸ ਤੋਂ ਸਿੱਧ ਹੁੰਦਾ ਹੈ ਕਿ ਉਥੋਂ ਦੇ ਲੋਕ ਕੁਝ ਹਿਸਾਬ ਜਾਣਦੇ ਅਤੇ ਵਪਾਰ ਵਣਜ ਵੀ ਕਰਦੇ ਸਨ। ਉਥੋਂ ਜਿਹੜੇ ਰਤਨ ਮਿਲੇ ਹਨ ਉਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਉਥੋਂ ਦੇ ਲੋਕਾਂ ਦਾ ਵਣਜ-ਵਪਾਰ ਕਰਨਾਟਕ, ਬਦਖ਼ਸ਼ਾਂ ਅਤੇ ਈਰਾਨ ਤਕ ਸੀ। ਜ਼ਹਿਰ ਮੋਹਰਾ (ਸਰਪੇਂਟਾਈਨ) ਮਿਲਿਆ ਹੈ ਜੋ ਕਰਨਾਟਕ ਜਾਂ ਮੈਸੂਰ ਪ੍ਰਦੇਸ਼ ਤੋਂ ਬਿਨਾਂ ਹੋਰ ਕਿਧਰੇ ਨਹੀਂ ਹੁੰਦਾ। ਰਾਜਵਰਤ ਜਾਂ ਲਾਜਵਰਤ (ਅੰਗ੍ਰੇਜ਼ੀ ਲਾਪਿਸ ਲਾਜ਼ਲੀ) ਮਿਲਿਆ ਹੈ ਜੋ ਸਿੰਧ ਦੇ ਨਜ਼ਦੀਕ ਤੋਂ ਨਜ਼ਦੀਕ ਕਿਧਰੇ ਮਿਲਦਾ ਹੈ ਤਾਂ ਬਦਖ਼ਸ਼ਾਂ ਵਿਚ ਅਤੇ ਅਸ਼ਮਸ਼ਾਰ ਜਾਂ ਯਸ਼ਬ (ਅੰਗ੍ਰੇਜ਼ੀ ਜੇਡ) ਮਿਲਿਆ ਹੈ ਜੋ ਅਫ਼ਗਾਨਿਸਤਾਨ, ਈਰਾਨ, ਮਧ-ਏਸ਼ੀਆ ਜਾਂ ਬਹਮਾ ਵਿਚ ਮਿਲਦਾ ਹੈ।

ਮੋਹਿਉਂ-ਜੋ-ਦੜੋ ਤੋਂ ਜਿਹੜੇ ਹਥਿਆਰ ਨਿਕਲੇ ਹਨ ਉਹ ਸਭ ਪੱਥਰ ਅਤੇ ਤਾਂਬੇ ਦੇ ਹਨ, ਲੋਹੇ ਦਾ ਪਤਾ ਉਥੋਂ ਵਾਲਿਆਂ ਨੂੰ ਨਹੀਂ ਸੀ। ਹੋਰ ਕਈ ਜਾਨਵਰਾਂ

[1]ਮੋਹਿਉਂ-ਜੋ-ਦੜੋ, ਮਰਿਆਂ ਦਾ ਥੇਹ (mound)। ਅੰਗ੍ਰੇਜ਼ੀ ਵਿਚ ਉਸਦਾ ਵਿਗਾੜਿਆ ਰੂਪ ਹੈ 'ਮੋਹਿਉਂ-ਜੋ-ਦੜੋ'।

ਤੋਂ ਵਾਕਿਫ਼ ਹੁੰਦਿਆਂ ਹੋਇਆਂ ਵੀ ਉਹ ਘੋੜੇ ਨੂੰ ਨਹੀਂ ਜਾਣਦੇ ਸਨ । ਕਲਾ ਦੀ ਰੁਚੀ ਉਨ੍ਹਾਂ ਵਿਚ ਕਾਫ਼ੀ ਉੱਨਤ ਸੀ । ਲਿੰਗ ਪੂਜਾ ਅਤੇ ਯੋਗ ਅਭਿਆਸ ਉਨ੍ਹਾਂ ਦੇ ਧਰਮ ਕਰਮ ਵਿਚ ਸ਼ਾਮਿਲ ਸੀ । ਮਹਿਉਂ-ਜੋ-ਦੜੋ ਤੋਂ ਮਿਲੀਆਂ ਮੂਹਰਾਂ ਦੇ ਲੇਖ ਅਜੇ ਤਕ ਨਹੀਂ ਪੜ੍ਹੇ ਜਾ ਸਕੇ । ਉਨ੍ਹਾਂ ਦੇ ਪੜ੍ਹੇ ਜਾਣ ਤੇ ਹੀ ਇਸ ਪ੍ਰਸ਼ਨ ਦਾ ਠੀਕ ਨਿਪਟਾਰਾ ਹੋ ਸਕਦਾ ਹੈ ਕਿ ਉਹ ਸਭਿਅਤਾ ਕਿਨ੍ਹਾਂ ਲੋਕਾਂ ਦੀ ਸੀ । ਤਾਂ ਵੀ ਇਤਨਾ ਨਿਸ਼ਚਿਤ ਹੈ ਕਿ ਉਨ੍ਹਾਂ ਦੇ ਸਮਕਾਲੀਨ ਫ਼ਾਰਸ ਖਾੜੀ ਦੇ ਉੱਤਰ ਤ੍ਰਿਗਿਸ ਫਰਾਤ ਨਦੀਆਂ ਦੀਆਂ ਘਾਟੀਆਂ ਦੇ ਸੁਮੇਰ-ਅਕਾਦ ਲੋਕਾਂ ਦੀ ਸਭਿਅਤਾ ਨਾਲ ਸਿੰਧ ਘਾਟੀ ਦੀ ਇਸ ਸਭਿਅਤਾ ਦੀ ਬਹੁਤ ਸਮਾਨਤਾ ਹੈ ।

## 2. ਉੱਤਰ ਪੱਛਮੀ ਭਾਰਤ ਵਿਚ ਆਰਯਾਂ ਦਾ ਪ੍ਰਗਟ ਹੋਣਾ

ਆਰਯ ਲੋਕਾਂ ਦਾ ਉੱਤਰੀ ਭਾਰਤ ਵਿਚ ਪ੍ਰਗਟ ਹੋਣਾ ਅਤੇ ਮਹਾਂਰਾਸ਼ਟਰ ਉੜੀਸਾ ਤਕ ਫੈਲਣਾ ਭਾਰਤੀ ਇਤਿਹਾਸ ਦੀ ਸਭ ਤੋਂ ਵੱਡੀ ਘਟਨਾ ਹੈ। ਉਹ ਜਦੋਂ ਭਾਰਤ ਵਿਚ ਪ੍ਰਗਟ ਹੋਏ ਤਦ ਪਸ਼ੂ-ਪਾਲਕ ਅਤੇ ਕਿਸਾਨ ਸਨ, ਘੋੜ-ਸਵਾਰੀ ਅਤੇ ਧਾਤੂਆਂ ਦਾ ਇਸਤੇਮਾਲ ਜਾਣਦੇ ਸਨ । ਆਰਯ ਬੰਸ ਦੀਆਂ ਤਿੰਨ ਸ਼ਾਖਾਂ ਪਸ਼ੂ-ਪਾਲਕ ਹਾਲਤ ਵਿਚ ਹੀ ਇਕ ਦੂਜੇ ਤੋਂ ਵੱਖ ਹੋਈਆਂ ਇਹ ਉਨ੍ਹਾਂ ਦੀਆਂ ਬੋਲੀਆਂ ਦੀ ਤੁਲਨਾ ਤੋਂ ਪ੍ਰਗਟ ਹੁੰਦਾ ਹੈ । ਇਹ ਨਿਸ਼ਚਿਤ ਹੈ ਕਿ ਉਨ੍ਹਾਂ ਨੇ ਆਪਣਾ ਪਹਿਲਾ ਸ਼ਿਕਾਰੀ ਜੀਵਨ ਭਾਰਤ ਵਿਚ ਨਹੀਂ ਗੁਜ਼ਾਰਿਆ, ਕਿਉਂਕਿ ਉੱਤਰ ਭਾਰਤੀ ਮੈਦਾਨ ਉਤਨੇ ਪੁਰਾਤਨ ਕਾਲ ਵਿਚ ਮਨੁਖਾਂ ਦੇ ਰਹਿਣ ਯੋਗ ਨਹੀਂ ਸੀ । ਦੂਜੇ ਪਾਸੇ ਦੱਖਣੀ ਰੂਸ ਵਿਚ ਅਤੇ ਕਾਸਪੀ ਸਾਗਰ ਦੇ ਪੂਰਬ ਅਸ਼ਕਾਬਾਦ ਪ੍ਰਦੇਸ਼ ਵਿਚ, ਨਵੇਂ ਪ੍ਰਦੇਸ਼ ਵਿਚ ਨਵੇਂ ਪੱਥਰ ਯੁਗ ਸਭਿਅਤਾ ਦੇ ਚਿੰਨ੍ਹ ਮਿਲੇ ਹਨ ਜੋ ਨਾਲ ਮਿਲੀਆਂ ਖੋਪੜੀਆਂ ਤੋਂ ਆਰਯ ਬੰਸ ਦੇ ਸਿੱਧ ਹੋਏ ਹਨ ।[1] ਨਤੀਜੇ ਦੇ ਤੌਰ ਤੇ ਦੱਖਣੀ ਯੂਰਪ ਅਤੇ ਪੱਛਮੀ ਮੱਧ-ਏਸ਼ੀਆ ਵਿਚ ਆਰਯ ਲੋਕ ਨਵੇਂ ਪੱਥਰ ਯੁਗ ਵਿਚ ਮੌਜੂਦ ਸਨ । ਇਸੇ ਲਈ ਬਹੁਤੇ ਵਿਦਵਾਨ ਇਹ ਮੰਨਦੇ ਰਹੇ ਹਨ ਕਿ ਆਰਯ ਲੋਕ ਅਫ਼ਗਾਨਿਸਤਾਨ ਦੇ ਰਸਤੇ ਉੱਤਰੀ ਭਾਰਤ ਵਿਚ ਆਏ, ਅਤੇ ਇਸ ਘਟਨਾ ਨੂੰ ਅਜ ਤੋਂ 4-5 ਹਜ਼ਾਰ ਸਾਲ ਪਹਿਲਾਂ ਮੰਨਦੇ ਹਨ । ਭਾਰਤੀ ਆਰਯ ਦੀ ਆਪਣੀ ਅਨੁਸ਼ਰੁਤੀ ਤੋਂ ਜਿਥੇ ਭਾਰਤ ਵਿਚ ਆਰਯ ਦਾ ਪ੍ਰਗਟ ਹੋਣਾ ਅਜ ਤੋਂ 4-5 ਹਜ਼ਾਰ ਸਾਲ ਪਹਿਲਾਂ ਹੀ ਪ੍ਰਤੀਤ ਹੁੰਦਾ ਹੈ, ਉਥੇ ਉਨ੍ਹਾਂ ਦੇ ਉੱਤਰ ਪੱਛਮ ਤੋਂ ਆਉਣ ਦੀ ਗੱਲ ਉਸ ਵਿਚ ਕਿਧਰੇ ਨਹੀਂ ਹੈ ।

ਭਾਰਤ ਦੀ ਅਨੁਸ਼ਰੁਤੀ ਪੁਰਾਣ ਨਾਮਕ ਗ੍ਰੰਥਾਂ ਵਿਚ ਹੈ। 'ਪੁਰਾਣ' ਦਾ ਅਰਥ ਹੀ ਹੈ ਪੁਰਾਣੀ ਕਹਾਣੀ । ਅਜ ਤੋਂ 18 ਮਹਾਂਪੁਰਾਣ ਅਤੇ ਕੁਝ ਹੋਰ ਪੁਰਾਣ ਵੀ ਹਨ, ਅਤੇ ਉਨ੍ਹਾਂ ਵਿਚ ਅਨੇਕਾਂ ਵਿਸ਼ਿਆਂ ਦੀ ਚਰਚਾ ਹੈ, ਪਰ ਪਹਿਲਾਂ ਇਕ ਹੀ ਪੁਰਾਣ ਸੀ ਅਤੇ ਉਹ "ਪੰਚ ਲਖਸ਼ਣ" ਸੀ ਅਰਥਾਤ ਉਸ ਵਿਚ ਪੰਜ ਵਿਸ਼ੇ ਸਨ । ਉਹ ਪੰਜ ਵਿਸ਼ੇ

---

1. ਅ.ਅ. ਸੇਮੇਨੋਵ (1925) ਪਾਮਯਾਤਨਿਕੀ ਆਰਯਸਕੋਇ ਕੁਲਤੁਰ ਪਸੇਂਦਤੀਆ ਆਜ਼ਈ (ਮੱਧ ਏਸ਼ੀਆ ਵਿਚ ਆਰਯ ਸਭਿਅਤਾ ਦੇ ਚਿੰਨ੍ਹ) ਜੇ ਚੰਨ੍ਹ ਵਿਦਿਆਲੰਕਰ (1955) ਭਾਰਤੀ ਸਭਿਅਤਾ ਦਾ ਕ, ਖ ਪੰਨਾ 76-77 ਉੱਪਰ ਲਿਖਿਆ ।

੭੭੦੯੬

ਮਿਲ ਕੇ ਪੁਰਾਣੀਆਂ ਕਹਾਣੀਆਂ ਬਣਦੀਆਂ ਹਨ। ਅਜ ਦੇ ਪੁਰਾਣਾਂ ਵਿਚੋਂ ਬਹੁਤਿਆਂ ਵਿਚ ਤਾਂ ਪੰਜ ਲਖਸ਼ਣ ਹਿਸਾ ਹੈ ਹੀ ਨਹੀਂ; ਜਿਨ੍ਹਾਂ ਵਿਚ ਹੈ ਉਨ੍ਹਾਂ ਨੇ ਉਸ ਹਿਸੇ ਦੀ ਤੁਲਨਾ-ਪੂਰਵਕ ਛਾਣਬੀਨ ਜਿਨ੍ਹਾਂ ਆਧੁਨਿਕ ਵਿਚਾਰਵਾਨਾਂ ਨੇ ਕੀਤੀ ਹੈ ਉਹ ਇਸ ਨਤੀਜੇ ਤੇ ਪੁੱਜੇ ਹਨ ਕਿ ਉਸ ਵਿਚ ਆਰਯ ਦੇ ਭਾਰਤ ਵਿਚ ਪਸਰਨ ਦਾ ਵਰਣਨ ਹੈ ਜਿਹੜਾ ਰੂਪ ਵਿਚ ਸੁਭਾਵਿਕ-ਸਿਲਸਿਲੇਵਾਰ ਅਤੇ ਸੱਚਾ ਹੈ।[1]

ਉਸ ਪੁਰਾਣਿਕ ਬਿਰਤਾਂਤ ਦੇ ਅਨੁਸਾਰ ਮਨੂ ਵੈਵਸਵਤ ਦੇ ਪੁੱਤਰ ਇਕਸ਼ਵਾਕੂ ਤੋਂ ਮਹਾਂਭਾਰਤ ਯੁਧ ਤਕ ਕੁਲ 93-94 ਪੀੜ੍ਹੀਆਂ ਹੋਈਆਂ। ਇਕ ਪੀੜ੍ਹੀ ਦਾ ਕਾਲ ਔਸਤਨ 16 ਸਾਲ ਮੰਨਣ ਤੇ ਇਕਸ਼ਵਾਕੂ ਦਾ ਕਾਲ ਭਾਰਤ ਯੁੱਧ ਤੋਂ ਲਗਭਗ 1500 ਵਰ੍ਹੇ ਪਹਿਲਾਂ ਆਉਂਦਾ ਹੈ। ਭਾਰਤ ਯੁੱਧ ਦੇ ਵਿਸ਼ੇ ਵਿਚ ਸਾਡੇ ਦੇਸ਼ ਵਿਚ ਬਹੁਤ ਲੋਕਾਂ ਦਾ ਵਿਸ਼ਵਾਸ ਹੈ ਕਿ ਉਹ ਬਿਕਰਮੀ ਸੰਮਤ ਤੋਂ 3044 ਵਰ੍ਹੇ ਪਹਿਲਾਂ ਹੋਇਆ ਜਦੋਂ ਕਲਯੁਗ ਸੰਮਤ ਦਾ ਆਰੰਭ ਹੋਇਆ। ਪੁਰਾਣ ਦੀ ਵਿਆਖਿਆ ਤੋਂ ਪ੍ਰਗਟ ਹੁੰਦਾ ਹੈ ਕਿ ਕਲਯੁਗ ਦੇ ਬਿਕਰਮੀ ਸੰਮਤ ਤੋਂ 3044 ਵਰ੍ਹੇ ਪਹਿਲਾਂ ਅਰੰਭ ਹੋਣ ਦੀ ਗੱਲ ਪਿੱਛੇ ਦੀ ਬਣੀ ਹੋਈ ਹੈ। ਪੁਰਾਤਨ ਅਨੁਸ਼ਰੁਤੀ ਦੇ ਅਨੁਸਾਰ ਭਾਰਤ-ਯੁੱਧ ਵਿਚ ਹਿਸਾ ਲੈਣ ਵਾਲੇ ਅਰਜਨ ਪਾਂਡਵ ਦੇ ਪੋਤਰੇ ਪਰੀਕਸ਼ਤ ਤੋਂ ਰਾਜਾ ਨੰਦ ਤਕ 1015 ਜਾਂ 1050 ਵਰ੍ਹੇ ਗੁਜ਼ਰੇ ਸਨ, ਜਿਸ ਤੋਂ ਉਸ ਯੁੱਧ ਦਾ ਸਮਾਂ ਲਗਭਗ 1400 ਈ. ਪੂਰਵ ਬਣਦਾ ਹੈ। ਵੈਸੇ ਇਕਸ਼ਵਾਕੂ ਦਾ ਕਾਲ ਲਗਭਗ 3000 ਈ. ਪੂਰਵ ਆਉਂਦਾ ਹੈ, ਅਤੇ ਆਰਯਾਂ ਦਾ ਭਾਰਤ ਵਿਚ ਫੈਲਣਾ ਪੁਰਾਤਨ ਅਨੁਸ਼ਰੁਤੀ ਦੇ ਅਨੁਸਾਰ ਮੁਖ ਤੌਰ ਤੇ ਇਕਸ਼ਵਾਕੂ ਦੇ ਪਿੱਛੋਂ ਦੀ ਘਟਨਾ ਹੈ। ਨਾਲ ਹੀ ਅਨੁਸ਼ਰੁਤੀ ਵਿਚ ਆਰਯ ਦੇ ਉੱਤਰ ਪੱਛਮ ਤੋਂ ਆਉਣ ਦੀ ਗੱਲ ਕਿਧਰੇ ਨਹੀਂ, ਪਰੰਤੂ ਮਧ ਹਿਮਾਲਾ ਅਤੇ ਸਰਸਵਤੀ ਸਭਿਅਤਾ ਤੋਂ ਹੀ ਭਾਰਤ ਵਿਚ ਫੈਲਣ ਦੀ ਕਹਾਣੀ ਹੈ। ਮਧ ਹਿਮਾਲਾ ਦੇ ਨਾਲ ਲਗੇ ਕੈਲਾਸ਼ ਮਾਨਸਰੋਵਰ ਪ੍ਰਦੇਸ਼ ਅਤੇ ਉਸ ਦੇ ਆਸ ਪਾਸ ਰਹਿਣ ਵਾਲੇ ਕਿਰਾਤਾਂ, ਕਿਨਰਾਂ ਦੀ ਚਰਚਾ ਭਾਰਤੀ ਆਰਯ ਦੀ ਸਭ ਤੋਂ ਪੁਰਾਣੀ ਅਨੁਸ਼ਰੁਤੀ ਵਿਚ ਹੈ; ਪਰੰਤੂ ਉੱਤਰੀ ਭਾਰਤ ਵਿਚ ਵਧਣ ਤੋਂ ਪਿੱਛੋਂ ਉਨ੍ਹਾਂ ਪ੍ਰਦੇਸ਼ਾਂ ਵਲ ਫੈਲਣ ਦਾ ਕੋਈ ਵਰਣਨ ਨਹੀਂ ਹੈ।

ਕੈਲਾਸ਼ ਮਾਨਸਰੋਵਰ ਪ੍ਰਦੇਸ਼ ਦੇ ਉੱਤਰ ਵਲ ਲਗਿਆ ਹੋਇਆ ਪੂਰਬੀ ਮੱਧ ਏਸ਼ੀਆ ਦਾ ਪ੍ਰਦੇਸ਼ ਹੈ। ਪਾਮੀਰ ਦੇ ਪੱਛਮ ਅਤੇ ਪੂਰਬ ਮੱਧ-ਏਸ਼ੀਆ ਦੇ ਪ੍ਰਦੇਸ਼ ਅਜ ਤੁਰਕਿਸਤਾਨ ਕਹਿਲਾਉਂਦੇ ਹਨ, ਪ੍ਰੰਤੂ ਤੁਰਕ ਲੋਕ ਉਨ੍ਹਾਂ ਵਿਚੋਂ ਚੋਥੀ ਸਦੀ ਈਸਵੀ ਦੇ ਪਿੱਛੋਂ ਆਉਣ ਲਗੇ, ਅੱਠਵੀਂ ਸਦੀ ਤੋਂ ਫੈਲੇ। ਉਸਤੋਂ ਪਹਿਲਾਂ ਇਤਿਹਾਸਕ ਕਾਲ ਵਿਚ ਵੀ ਪੱਛਮੀ ਅਤੇ ਪੂਰਬੀ ਮੱਧ ਏਸ਼ੀਆ ਵਿਚ ਆਰਯ ਬੋਲੀ ਬੋਲਣ ਵਾਲੇ ਲੋਕ ਰਹਿੰਦੇ ਸਨ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਆਰਯਾਂ ਦੀ ਇਕ ਸ਼ਾਖਾ ਪੂਰਬੀ ਮਧ-ਏਸ਼ੀਆ ਜਾਂ ਤਾਰੀਮ ਘਾਟੀ ਤੋਂ ਨਵੀਆਂ ਚਰਾਂਦਾਂ ਦੀ ਖੋਜ ਕਰਦੀ ਪੱਛਮੀ ਤਿੱਬਤ

[1] ਐਫ.ਈ. ਪਰਜੀਟਰ (1922), ਐਨਸ਼ਿਐਂਟ ਇੰਡੀਅਨ ਹਿਸਟੋਰੀਕਲ ਟ੍ਰੇਡੀਸ਼ਨ (ਪੁਰਾਤਨ ਭਾਰਤੀ ਇਤਿਹਾਸਿਕ ਅਨੁਸਰੁਤੀ; ਜੈ ਚੰਦ੍ਰ ਵਿਦਿਆਲੰਕਾਰ (1933), ਭਾਰਤੀ ਇਤਿਹਾਸ ਦੀ ਰੂਪ-ਰੇਖਾ, ਪੰਨਾ 236-39.

ਚੜ੍ਹੀ ਅਤੇ ਉਸਦੇ ਦੱਖਣੀ ਸਿਰੇ ਤੇ ਪਹੁੰਚਣ ਤੋਂ ਪਿੱਛੋਂ ਲਗਭਗ 3000 ਈ. ਪੂਰਵ ਵਿਚ ਹਿਮਾਲਾ ਦੇ ਹੇਠਾਂ ਉਤਰ ਕੇ ਸਰਸਵਤੀ-ਜਮਨਾ-ਗੰਗਾ ਘਾਟੀਆਂ ਵਿਚ ਆਈ।

ਉੱਪਰਲੇ ਗੰਗਾ ਜਮਨਾ ਦੁਆਬ ਦੇ ਪੂਰਬ ਨਾਲ ਮਿਲਦਾ ਪ੍ਰਦੇਸ਼ ਪੰਚਾਲ ਕਹਿਲਾਉਂਦਾ ਸੀ। ਗੰਗਾ ਦੇ ਖੱਬੇ ਪਾਸੇ ਉੱਤਰ ਪੰਚ ਸੀ ਜਿਸਦੀ ਰਾਜਧਾਨੀ ਅਹਛਿਤਰਾ ਸੀ ਅਤੇ ਗੰਗਾ ਦੇ ਦੱਖਣ ਵਲ ਦੱਖਣੀ ਪੰਚਾਲ ਜਿਸਦੀ ਰਾਜਧਾਨੀ ਕਾਮਪਾਲ ਸੀ। ਕਾਮਪਾਲ ਫ਼ਰੁਖ਼ਾਬਾਦ ਜ਼ਿਲੇ ਦਾ ਕਾਂਪਿਲ ਹੈ; ਅਹਿਛਿਤਰਾ ਦੀ ਸ਼ਨਾਖ਼ਤ ਬਰੇਲੀ ਜ਼ਿਲੇ ਵਿਚ ਰਾਮਨਗਰ ਮੰਡੀ ਦੇ ਟਿਲਿਆਂ ਤੋਂ ਕੀਤੀ ਗਈ ਸੀ। ਸੰਨ 1940-42 ਵਿਚ ਭਾਰਤੀ ਪੁਰਾਣੇ ਚਿੰਨ੍ਹਾਂ ਦੀ ਖੋਜ ਵਿਭਾਗ ਦੇ ਪ੍ਰਧਾਨ ਸੁਰਗਵਾਸੀ ਕਾਸ਼ੀਨਾਥ ਨਾਰਾਇਣ ਦੀਖਸ਼ਤ ਨੇ ਉਨ੍ਹਾਂ ਟਿਲਿਆਂ ਦੀ ਖੁਦਵਾਈ ਕਰਵਾਈ, ਜਿਸ ਵਿਚੋਂ ਉਨ੍ਹਾਂ ਨੂੰ ਅਜੇਹੀ ਤਹਿ ਵਿਚ ਜਿਸ ਨੂੰ ਉਨ੍ਹਾਂ ਨੇ ਲਗਭਗ 1550 ਈ. ਪੂ. ਦਾ ਨਿਸ਼ਚਿਤ ਕੀਤਾ ਹੈ ਕਬੂਤਰੀ ਰੰਗ[1] ਦੇ ਵਧੀਆ ਪ੍ਰਕਾਰ ਦੀ ਮਿਟੀ ਦੇ ਭਾਂਡੇ ਅਤੇ ਹੋਰ ਚਿੰਨ੍ਹ ਮਿਲੇ। ਇਨ੍ਹਾਂ ਨੂੰ ਉਨ੍ਹਾਂ ਨੇ ਭਾਰਤ-ਯੁੱਧ ਦੇ ਲਗਭਗ ਦੀ ਆਰਯ ਸਭਿਅਤਾ ਦੇ ਚਿੰਨ੍ਹ ਮੰਨਿਆ। ਸਿੰਧੂ ਘਾਟੀ ਦੀ ਸਭਿਅਤਾ ਦੇ ਚਿੰਨ੍ਹਾਂ ਤੋਂ ਇਨ੍ਹਾਂ ਦਾ ਸਾਫ਼ ਫ਼ਰਕ ਹੈ।

1952 ਦੀ ਰੋਪੜ ਦੀ ਖੁਦਾਈ ਵਿਚ ਸਿੰਧ ਸਭਿਅਤਾ ਦੇ ਚਿੰਨ੍ਹਾਂ ਤੋਂ ਬਿਨਾਂ ਅਹਛਿਤਰਾ ਸਭਿਅਤਾ ਦੇ ਚਿੰਨ੍ਹ ਵੀ ਮਿਲੇ। ਰੋਪੜ ਸਤਲੁਜ ਦੇ ਖੱਬੇ ਕੰਢੇ ਤੇ ਹੈ ਅਤੇ ਠੀਕ ਉਸ ਥਾਂ ਤੇ ਜਿਥੇ ਮਾਨਸਰੋਵਰ ਤੋਂ ਪਹਾੜਾਂ ਦੇ ਅੰਦਰ ਸਾਢੇ ਚਾਰ ਸੌ ਮੀਲ ਦੀ ਯਾਤਰਾ ਕਰਨ ਦੇ ਪਿਛੋਂ ਸਤਲੁਜ ਮੈਦਾਨ ਵਿਚ ਉਤਰਦਾ ਹੈ। ਇਸ ਤੋਂ ਜਿਥੇ ਇਕ ਪਾਸੇ ਇਹ ਪ੍ਰਤੀਤ ਹੁੰਦਾ ਹੈ ਕਿ ਸਤਲੁਜ ਘਾਟੀ ਵਿਚ ਸਿੰਧ ਘਾਟੀ ਦੀ ਸਭਿਅਤਾ ਅਤੇ ਆਰਯ ਸਭਿਅਤਾ ਇਕ ਦੂਜੇ ਨਾਲ ਮਿਲੀਆਂ, ਉਥੇ ਦੂਜੇ ਪਾਸੇ ਇਸ ਦੀ ਸੰਭਾਵਨਾ ਵੀ ਦਿਖਾਈ ਦੇਂਦੀ ਹੈ ਕਿ ਮਾਨਸਰੋਵਰ ਪ੍ਰਦੇਸ਼ ਤੋਂ ਆਰਯ ਸਭਿਅਤਾ ਦੇ ਪੰਜਾਬ ਦੇ ਮੈਦਾਨ ਵਿਚ ਉਤਰਨ ਦੇ ਪੂਰੇ ਪ੍ਰਮਾਣ ਵੀ ਸ਼ਾਇਦ ਸਤਲੁਜ ਦੀ ਉੱਪਰਲੀ ਦੂਨ ਵਿਚ ਮਿਲ ਜਾਣ।[2]

ਅਸੀਂ ਵੇਖਿਆ ਹੈ ਕਿ ਸਿੰਧ ਸਭਿਅਤਾ ਵਿਚ ਘੋੜਾ ਨਹੀਂ ਪਾਲਿਆ ਗਿਆ ਸੀ। ਦੂਜੇ ਪਾਸੇ ਆਰਯ ਲੋਕ ਨਿਪੁੰਨ ਘੋੜਸਵਾਰ ਸਨ। ਉਨ੍ਹਾਂ ਦੇ ਜੱਥੇ ਭਾਰਤ ਵਿਚ ਪਿੱਪਲ ਦੇ ਦਰੱਖ਼ਤਾਂ ਦੇ ਹੇਠਾਂ ਆਪਣੇ ਘੋੜੇ ਬੰਨ੍ਹਣ ਲਗੇ, ਇਸੇ ਲਈ ਪਿੱਪਲ ਦਰੱਖ਼ਤ ਦਾ ਨਾਉਂ ਅਸ਼ਵਤਥ ਪਇਆ। ਘੋੜਸਵਾਰਾਂ ਦੇ ਮੁਕਾਬਲੇ ਵਿਚ ਯੋਧਾ ਟਿਕ ਨਹੀਂ ਸਕਦੇ ਸਨ।

## 3. ਵੈਦਿਕ ਕਾਲ ਵਿਚ ਪੰਜਾਬ ਅਤੇ ਆਂਢ ਗੁਆਂਢ

"ਪੰਚ ਲਖਸ਼ਣ" ਪੁਰਾਣ ਦੇ ਕੇਵਲ ਉਸ ਭਾਗ ਦੀ ਛਾਣਬੀਨ ਆਧੁਨਿਕ ਵਿਚਾਰਵਾਨਾਂ ਨੇ ਅਜੇ ਤਕ ਕੀਤੀ ਹੈ ਜਿਸ ਵਿਚ ਰਾਜਾ ਇਕਸ਼ਵਾਕੂ ਦੇ ਕਾਲ ਤੋਂ

---

[1] ਜੰਗਲੀ ਕਬੂਤਰ ਇਕ ਹੀ ਰੰਗ ਦਾ ਹੁੰਦਾ ਹੈ ਹਲਕਾ ਕਾਲਾ ਨੀਲਾ। ਕਬੂਤਰੀ ਰੰਗ ਉਸੇ ਨੂੰ ਕਹਿਆ ਜਾਂਦਾ ਹੈ।

[2] ਵੇਖੋ ਪੂਰਕ ਅੰਸ।

ਭਾਰਤ ਯੁੱਧ ਕਾਲ ਦਾ ਬ੍ਰਿਤਾਂਤ ਹੈ। ਇਸ ਸਮੇਂ ਵਿਚ ਲਗਭਗ 94 ਪੀੜ੍ਹੀਆਂ ਸਨ, ਇਹ ਉਨ੍ਹਾਂ ਨੇ ਜਾਂਚਿਆ ਹੈ ਅਤੇ ਇਸ ਕਾਲ ਦੇ ਵਿਅਕਤੀਆਂ ਅਤੇ ਘਟਨਾਵਾਂ ਦਾ ਕਾਲ ਉੱਪਰਲੀਆਂ ਪੀੜ੍ਹੀਆਂ ਦੇ ਕਰਮ ਅਨੁਸਾਰ ਨਿਸਚਿਤ ਕੀਤਾ ਹੈ।

ਇਕਸ਼ਵਾਕੂ ਮਨੂ-ਬੰਸ ਦਾ ਅਜੁਧਿਆ ਦਾ ਰਾਜਾ ਸੀ। ਉਸ ਦੇ ਸਮਕਾਲੀ ਮਨੂ-ਵੰਸ ਦੇ ਕੁਛ ਹੋਰ ਰਾਜੇ ਵੀ ਉੱਤਰੀ ਭਾਰਤ ਦੇ ਹੋਰ ਭਾਗਾਂ ਵਿਚ ਸਨ। ਉਸ ਤੋਂ ਅਗਲੀ ਪੀੜ੍ਹੀ ਵਿਚ ਪਰਤਿਸ਼ਠਾਨ ਦਾ ਰਾਜਾ ਪੁਰੂਰਵਸ ਏਲ ਹੋਇਆ। ਪਰਤਿਸ਼ਠਾਨ ਅੰਦਾਜ਼ਨ ਸਰਸਵਤੀ ਦੀ ਘਾਟੀ ਵਿਚ ਕੋਈ ਜਗ੍ਹਾ ਸੀ। ਉਥੋਂ ਦੇ ਏਲ ਵੰਸ ਵਿਚ ਛੇਵੀਂ ਪੀੜ੍ਹੀ ਵਿਚ ਰਾਜਾ ਯਤਾਤੀ ਹੋਇਆ, ਜਿਸ ਦੇ ਪੰਜ ਪੁਤਰ ਸਨ-ਯਦੂ, ਦ੍ਰਹਯੂ, ਤਰਵਸੂ, ਅਨੂ ਅਤੇ ਪੁਰੂ। ਇਨ੍ਹਾਂ ਪੰਜਾਂ ਦੇ ਬੰਸ ਅਗੇ ਭਾਰਤ ਦੇ ਮੁਖ ਹਿਸੇ ਵਿਚ ਫੈਲਦੇ ਗਏ, ਅਤੇ ਪੁਰਾਤਨ ਅਨੁਸ਼ਰੁਤੀ ਮੁਖ ਤੌਰ ਤੇ ਉਨ੍ਹਾਂ ਦੇ ਫੈਲਣ ਦਾ ਬ੍ਰਿਤਾਂਤ ਦੇਂਦੀ ਹੈ। ਉਸ ਬ੍ਰਿਤਾਂਤ ਤੋਂ ਇਨ੍ਹਾਂ ਦਾ ਸੁਭਾਵਿਕ ਭੂਗੋਲਿਕ (Geographical) ਕਰਮ ਤੋਂ ਭਾਰਤ ਦੇ ਉਸ ਸਮੁੱਚੇ ਹਿਸੇ ਵਿਚ ਪਸਰਨਾ ਪ੍ਰਗਟ ਹੁੰਦਾ ਹੈ ਜਿਸ ਵਿਚ ਆਰਯਵਰਤੀ (ਇੰਡੋ ਆਰਯਨ) ਭਾਖਾਵਾਂ ਬੋਲੀਆਂ ਜਾਂਦੀਆਂ ਹਨ। ਇਹ ਗਲ ਉਸ ਅਨੁਸ਼ਰੁਤੀ ਦੇ ਮੁਖ ਰੂਪ ਵਿਚ ਸੱਚ ਹੋਣ ਦਾ ਪ੍ਰਮਾਣ ਹੈ।

ਦ੍ਰਹਯੂ ਵੰਸ਼ ਪੰਜਾਬ ਵਲ ਚਲਾ ਗਇਆ। ਆਨਵਾਂ ਦੀ ਮੁਖ ਸ਼ਾਖਾ ਵੀ ਪੰਜਾਬ ਵਿਚ ਜਾ ਵੱਸੀ; ਇਕ ਸ਼ਾਖ ਅੰਗ ਦੇਸ਼ ਅਰਥਾਤ ਬਿਹਾਰ ਦੇ ਪੂਰਬੀ ਭਾਗ–ਮੁੰਗੇਰ ਭਾਗਲਪੁਰ-ਨੂੰ ਚਲੀ ਗਈ। ਦ੍ਰਹਯੂ ਬੰਸ ਵਿਚ ਅਗੇ ਜਾ ਕੇ (23ਵੀਂ ਪੀੜ੍ਹੀ ਵਿਚ) ਰਾਜਾ ਗੰਧਾਰ ਹੋਇਆ, ਜਿਸਦੇ ਨਾਉਂ ਤੋਂ ਉੱਤਰ-ਪੱਛਮੀ ਪੰਜਾਬ ਦਾ ਨਾਉਂ ਗੰਧਾਰ ਪਿਆ। ਆਨਵ-ਬੰਸ ਵਿਚ 27ਵੀਂ 28ਵੀਂ ਪੀੜ੍ਹੀਆਂ ਵਿਚ ਉਸ਼ੀਨਰ ਅਤੇ ਸ਼ਿਵੀ ਜਾਂ ਉਸ ਦੇ ਪਿਛੋਂ ਮਦਰ, ਕੈਕਯ, ਅੰਬਸ਼ਠ ਸੁਵੀਰ ਆਦਿ ਹੋਏ।

ਉਸੇ ਕਾਲ ਵਿਚ ਆਰਯ ਵਰਤ ਵਿਚ ਵੇਦ ਵੰਗਭਯ ਦਾ ਜਨਮ ਹੋਇਆ। ਵੈਦਿਕ ਰਿਸ਼ੀਆਂ ਦੀ ਪਰੰਪਰਾ ਲਗਭਗ 29ਵੀਂ ਤੇ 70ਵੀਂ ਪੀੜ੍ਹੀ ਤਕ ਰਹਿੰਦੀ ਹੈ। ਉਸ ਦੇ ਪਿਛੋਂ ਵੇਦ ਦੀਆਂ 'ਸਹਿੰਤਾਵਾਂ ਬਣਦੀਆਂ ਅਰਥਾਤ ਇਕੱਠੀਆਂ ਹੁੰਦੀਆਂ ਹਨ। ਭਾਰਤ ਯੁੱਧ ਦੇ ਸਮਕਾਲੀ ਕ੍ਰਿਸ਼ਣ ਵੈਪਾਇਨ ਮੁਨੀ ਨੇ ਵੇਦ ਦੀਆਂ ਅੰਤਿਮ ਸਹਿੰਤਾਵਾਂ ਬਣਾਈਆਂ, ਇਸੇ ਲਈ ਉਸ ਦਾ ਨਾਉਂ ਵੇਦ-ਵਿਆਸ ਹੋਇਆ।

ਵੈਦਿਕ ਰਿਸ਼ੀਆਂ ਵਿਚ ਵਸ਼ਿਸ਼ਟ ਦਾ ਨਾਉਂ ਪ੍ਰਸਿੱਧ ਹੈ। ਉਸ ਦੇ ਬਾਰੇ ਵਿਚ ਕਹਾਵਤ ਹੈ:

ਏਸ਼ਾ ਰਮਯਾ ਵਿਪਾਸ਼ਾ ਚ ਨਦੀ ਪਰਮ ਪਾਵਨੀ।
ਅਤਰੈਵ ਪੁਤਰਸ਼ੋਕੇਨ ਵਸ਼ਿਸ਼ਟੋ ਭਗਵਾਨ ਰਿਸ਼ੀ:।
ਬੁਧ ਵਾਤਮਨ ਨਪਤਿਤੇ ਵਿਪਾਸ਼: ਪੁਨਰੁਤਿਥਤ:॥

(ਮਹਾਂਭਾਰਤ ਵਨਪਰਵ: ਅ: 108, ਸ਼ਲੋਕ 8-9)

ਅਰਥਾਤ ਇਹ ਪਰਮ ਤਵਿਤਰ ਰਮਯਾ ਵਿਪਾਸਾ ਨਦੀ ਹੈ; ਇਸੇ ਵਿਚ ਪੁਤਰ ਦੇ ਦੁਖ ਕਰਕੇ ਭਗਵਾਨ ਵਸ਼ਿਸਟ ਆਪਣੇ ਆਪ ਨੂੰ ਬੰਨ ਕੇ ਡਿਗ ਪਿਆ ਅਤੇ ਫਿਰ ਗੰਢਾਂ ਖੁਲ ਜਾਣ ਪਿੱਛੋਂ (ਵਿਪਾਸ਼:) ਉੱਠ ਖੜਾ ਹੋਇਆ। ਨਦੀ ਨੇ ਵਸ਼ਿਸ਼ਟ ਦੇ ਪਾਸ

(ਬੰਧਨ) ਖੋਲ੍ਹ ਦਿਤੇ, ਇਸੇ ਲਈ ਉਹ ਵਿਪਾਸ਼ਾ ਕਹਿਲਾਈ। ਉਹੀ ਨਾਉਂ ਬਿਸਕ ਬਿਆਸ ਜਾਂ ਬਿਆਸ ਹੋ ਗਿਆ। ਅਜ ਵੀ ਪੰਜਾਬ ਦੀ ਇਸ ਨਦੀ ਦੇ ਕਿਨਾਰੇ ਵਸ਼ਿਸ਼ਟ ਗੋਤਰ ਦੇ ਬ੍ਰਾਹਮਣ ਪਰਿਵਾਰ ਬਹੁਤ ਸੰਖਿਆ ਵਿਚ ਵਸੇ ਹੋਏ ਹਨ।

ਵੈਦਿਕ ਵੰਗਭਯ ਤੋਂ ਆਰਯ ਦੇ ਜੀਵਨ ਉਤੇ ਭਰਪੂਰ ਚਾਨਣਾ ਪੈਂਦਾ ਹੈ। ਉਹ ਲੋਕ ਪਸ਼ੂਪਾਲਕ ਕਿਸਾਨ ਅਤੇ ਯੋਧੇ ਸਨ। ਉਨ੍ਹਾਂ ਦੀ ਖੇਤੀ ਆਰੰਭਿਕ ਸੀ, ਉਸ ਵਿਚ ਕਪਾਹ ਦੀ ਖੇਤੀ ਅਤੇ ਬਾਗਬਾਨੀ ਸ਼ਾਮਿਲ ਨਹੀਂ ਸਨ। ਉਹ ਪਰਿਵਾਰ ਦੇ ਨਮੂਨਿਆਂ ਤੇ ਬਣੇ ਛੋਟੇ ਛੋਟੇ ਸਮੂਹਾਂ ਵਿਚ ਰਹਿੰਦੇ ਸੀ ਜਿਨ੍ਹਾਂ ਨੂੰ ਉਹ 'ਜਨ' ਕਹਿੰਦੇ ਸੀ। ਜਨ ਦੇ ਸਭ ਲੋਕ ਸਜਾਤ ਅਰਥਾਤ ਇਕ ਬੰਸ ਦੇ ਮੰਨੇ ਜਾਂਦੇ। ਜਨ ਦੇ ਸਭ ਸਜਾਤ ਮਿਲ ਕੇ 'ਵਿਸ਼' : ਅਰਥਾਤ ਪਰਜਾ ਅਖਵਾਉਂਦੇ। ਕਿਸਾਨ ਹੋਣ ਦੇ ਕਾਰਣ ਹਰ ਇਕ 'ਜਨ' ਕਿਸੇ ਨਾ ਕਿਸੇ ਪ੍ਰਦੇਸ਼ ਵਿਚ ਵਸ ਗਿਆ, ਪਰ ਕੋਈ ਅਨਵਸਿਥਤ ਖ਼ਾਨਾਬਦੋਸ਼ ਵੀ ਸਨ। ਹਰ ਇਕ ਜਨ ਅਨੇਕ ਗਰਾਮਾਂ ਅਰਥਾਤ ਜਥਿਆਂ ਵਿਚ ਵੰਡਿਆ ਹੁੰਦਾ। ਗਰਾਮ ਜਿਸ ਸਥਾਨ ਤੇ ਵਸਿਆ ਪਿਛੋਂ ਉਹੀ ਗਰਾਮ ਕਿਹਾ ਜਾਣ ਲਗਾ ਪਰ ਗਰਾਮ ਦਾ ਮੂਲ ਅਰਥ ਜਥਾ ਹੀ ਸੀ। ਗਰਾਮ ਦਾ ਮੁਖੀ 'ਗ੍ਰਾਮਣੀ' ਕਿਹਾ ਜਾਂਦਾ। ਯੁਧ ਦੇ ਸਮੇਂ ਜਨ ਦੇ ਸਭ ਲੋਕ ਪਿੰਡ ਵਾਰ ਇਕੱਠੇ ਹੁੰਦੇ, ਇਸੇ ਲਈ, ਉਨ੍ਹਾਂ ਦਾ ਇਹ ਇਕੱਠ 'ਸੰਗਰਾਮ' ਅਖਵਾਉਂਦਾ। ਹਰ ਇਕ ਗਰਾਮ ਯਾ ਪਿੰਡ ਦੀ ਇਕ 'ਸਭਾ' ਹੁੰਦੀ ਸੀ। ਉਸੇ ਤਰ੍ਹਾਂ ਜਨ ਦੀ ਵੀ ਸਭਾ ਅਤੇ 'ਸੰਮਤੀ' (ਦੋ ਪ੍ਰੀਸ਼ਦਾਂ) ਹੁੰਦੀਆਂ ਅਤੇ ਇਕ ਰਾਜਾ ਹੁੰਦਾ ਸੀ। 'ਰਾਜਨ' ਦਾ ਚੁਨਾਵ (ਵਰਣ) 'ਵਿਸ਼ਾਂ' ਕਰਦੀਆਂ ਸਨ। ਚੁਨਾਵ (ਵਰਣ) ਦਾ ਇਹ ਅਰਥ ਹੈ ਕਿ ਉਹ ਉਸਨੂੰ ਚੁਣਦੀਆਂ ਤੇ ਜੇ ਉਹ ਪਿਛਲੇ ਰਾਜਾ ਦਾ ਪੁਤਰ ਹੋਏ ਤਾਂ ਉਸਦੇ ਰਾਜਾ ਬਣਨ ਦੀ ਪਰਵਾਨਗੀ ਦਿੰਦੀਆਂ ਸਨ।

ਇਕ ਥਨ ਦੀ ਸ਼ਾਖਾ-ਪ੍ਰਸ਼ਾਖਾ ਹੋ ਕੇ ਨਵੇਂ ਜਨ ਬਣਦੇ, ਵਿਸ਼ੇਸ਼ ਕਰਕੇ ਜਦ ਕੋਈ ਸ਼ਾਖਾ ਨਵੀਂ ਜਗ੍ਹਾ ਤੇ ਜਾ ਵਸੇ। ਜਨ ਦੇ ਨਾਉਂ ਆਮ ਤੌਰ ਤੇ ਉਨ੍ਹਾਂ ਦੇ ਮੁਖੀਆਂ ਜਾਂ ਸੰਸਥਾਪਕਾਂ ਜਾਂ ਕਦੀ ਪ੍ਰਦੇਸ਼ ਦੇ ਨਾਉਂ ਤੇ ਵੀ ਹੁੰਦੇ। ਵੈਸੇ ਆਨਵ-ਬੰਸ ਤੋਂ ਯੋਧੇਯ, ਤ੍ਰਿਗਰਦ, ਮਦਰ,ਕੈਕਯ, ਸ਼ਿਵੀ, ਅੰਬਸ਼ਠ, ਸਿੰਧੂ, ਸੋਵੀਰ ਆਦਿ ਜਨ(Tribes ਕਬੀਲੇ) ਨਿਕਲੇ।

ਯੌਧੇਯ ਲੋਕ ਸਤਲੁਜ ਦੇ ਪੂਰਬ ਵਲ ਸੀ। ਤ੍ਰਿਗਰਤ, ਸਤਲੁਜ, ਬਿਆਸ ਦੁਆਬ ਵਿਚ ਅਤੇ ਉਸਦੇ ਉੱਤਰ ਵਲ ਲਗਦੇ ਕਾਂਗੜੇ ਜ਼ਿਲੇ ਵਿਚ ਸਨ। ਰਾਵੀ-ਝਨਾਂ ਦੁਆਬ ਵਿਚ ਮਦਰ, ਅਤੇ ਝਨਾਂ-ਜਿਹਲਮ ਦੁਆਬ ਵਿਚ ਕੈਕਯ। ਕੈਕਯਾਂ ਦਾ ਪ੍ਰਦੇਸ਼ ਗੰਧਾਰ ਨਾਲ ਲਗਦਾ ਸੀ। ਦੱਖਣ ਪੱਛਮੀ ਪੰਜਾਬ ਵਿਚ ਅੰਬਸ਼ਠ ਅਤੇ ਸ਼ਿਵੀ ਅਤੇ ਸਿੰਧ ਨਦੀ ਦੀ ਵਿਚਲੀ ਘਾਟੀ ਵਿਚ ਸਿੰਧ ਲੋਕ ਸਨ। ਸੋਵੀਰ ਸਿੰਧ ਨਦੀ ਦੀ ਹੇਠਲੀ ਘਾਟੀ ਤੇ ਸੀ।

ਮਧ ਦੇਸ਼ ਦੇ ਨਾਲ ਪੰਜਾਬ ਦੇ ਇਨ੍ਹਾਂ ਰਾਜਾਂ ਦੇ ਸਬੰਧਾਂ ਦੇ ਅਨੇਕ ਉਦਾਹਰਣ ਅਨੁਸ਼ਰੁਤੀ ਵਿਚ ਸਨ। ਅਜੁਧਿਆ ਦੇ ਰਾਜਾ ਹਰੀਸ਼ਚੰਦਰ (33ਵੀਂ ਪੀੜ੍ਹੀ) ਦੀ ਰਾਣੀ ਸ਼ੈਵਯਾ ਅਰਥਾਤ ਸ਼ਿਵੀ ਜਨ ਦੀ ਸੀ। ਅਜੁਧਿਆ ਦੇ ਹੀ ਰਾਜਾ ਦਸ਼ਰਥ (64ਵੀਂ ਪੀੜ੍ਹੀ) ਦੀ ਇਕ ਰਾਣੀ ਕੈਕਈ ਅਰਥਾਤ ਕੈਕਯ ਦੀ ਸ਼ੀ। ਅਨੁਸ਼ਰੁਤੀ ਦੇ ਅਨੁਸਾਰ ਕੈਕਈ ਦੇ ਪੁਤਰ

ਭਰਤ ਨੂੰ ਆਪਣੇ ਨਾਨਕਿਆਂ ਦਾ ਰਾਜ ਮਿਲੀਆ; ਉਸਨੇ ਸਿੰਧੁ ਵੀ ਜਿਤੀਆ। ਭਰਤ ਦੇ ਪੁਤਰ ਤਕਸ਼ ਤੇ ਪੁਸ਼ਕਰ ਹੋਏ ਜਿਨ੍ਹਾਂ ਨੇ ਗੰਧਾਰ ਨੂੰ ਜਿਤ ਕੇ ਤਕਸ਼ਲਾ ਅਤੇ ਪੁਸ਼ਕਰਾਵਤੀ ਨਗਰੀਆਂ ਵਸਾਈਆਂ ਜਿਹੜੀਆਂ ਪੂਰਬੀ ਅਤੇ ਪੱਛਮੀ ਗੰਧਾਰ ਦੀਆਂ ਰਾਜਧਾਨੀਆਂ ਹੋਈਆਂ। ਪੁਸ਼ਕਰਾਵਤੀ ਕਾਬਲ (ਕੁਭਾ ਅਤੇ ਸਵਾਤ (ਸੁਵਾਸਤੁ) ਨਦੀਆਂ ਦੇ ਸੰਗਮ ਉਤੇ ਸੀ।

ਵੈਦਿਕ ਵੰਗਭਯ ਵਿਚ ਪੰਜਾਬ ਦੀਆਂ ਨਦੀਆਂ ਬਿਨਾਂ ਕਸ਼ਮੀਰ ਦੀ ਪੂਰਬ ਹੱਦ ਦੀ ਮਰੂਵਰਦਵਾਨ (ਮਰੂਦੁਵਰਿਧਾ) ਅਤੇ ਸਿੰਧ ਪਾਰ ਦੀ ਸਵਾਤ (ਸਵਾਸਤੁ), ਕਾਬਲ (ਕੁਭਾ), ਕੁਕਰਮ (ਕਰਮ), ਅਤੇ ਗੋਮਲ (ਗੋਮਤੀ) ਨਦੀਆਂ ਦੇ ਵੀ ਉਲੇਖ ਹਨ। ਕੁਕਰਮ ਅਤੇ ਗੋਮਲ ਦੇ ਉਪਰਲੇ ਹਿਸੇ ਪਖਤੂਨਾਂ ਦੇ ਦੇਸ਼ ਵਿਚ ਹਨ। ਹੇਲਮੰਦ ਵਿਚ ਮਿਲਣ ਵਾਲੀ ਉਹ ਨਦੀ ਜਿਸ ਦੇ ਕਿਨਾਰੇ ਕੰਧਾਰ ਸ਼ਹਿਰ ਵਸਿਆ ਹੈ, ਅਜ਼ ਅਰਗੰਦਾਬ ਕਹਿਲਾਉਂਦੀ ਹੈ। ਅਰਗੰਦ ਦੂਸਰਾ ਰੂਪ ਹੈ ਅਰਖੁਤੀ ਦਾ ਅਤੇ ਉਹ ਹਰਹੈਵਤੀ ਜਾਂ ਹਰਉਵਤੀ ਦਾ ਜਿਹੜਾ ਉਸਦਾ ਨੰਦ-ਮੋਰੀਆ ਯੁਗ ਦਾ ਨਾਉਂ ਸੀ। ਹਰਹੈਵਤੀ ਦੂਜਾ ਰੂਪ ਹੈ ਸਰਸਵਤੀ ਦਾ।

ਰਿਗਵੇਦ 7,18 ਵਿਚ ਰਾਜਾ ਸੁਦਾਸ ਦੀ ਪ੍ਰਸੰਸਾ ਹੈ। ਉਹ ਉੱਤਰੀ ਪੰਚਾਲ ਦਾ ਰਾਜਾ ਸੀ (67ਵੀਂ ਪੀੜ੍ਹੀ), ਅਤੇ ਉਸ ਨੇ ਹਸਤਨਾਪੁਰ ਦੇ ਰਾਜਾ ਸੰਵਰਣ ਨੂੰ ਉਸ ਦੀ ਰਾਜਧਾਨੀ ਤੋਂ ਮਾਰ ਦੁੜਾਇਆ ਸੀ। ਸੰਵਰਣ ਨੇ ਪੰਜਾਬ ਵਿਚ ਸ਼ਰਣ ਲਈ। ਤਦ ਸੁਦਾਸ ਨੇ ਪੰਜਾਬ ਤੇ ਚੜ੍ਹਾਈ ਕੀਤੀ, ਅਤੇ ਰਾਵੀ (ਪਰੂਸ਼ਣੀ) ਦੇ ਕਿਨਾਰੇ ਉਸਦੇ ਜਿਨ੍ਹਾਂ ਸਾਥੀ ਰਾਜਿਆਂ ਜਾਂ ਲੋਕਾਂ ਨੂੰ ਵੀ ਹਰਾਇਆ ਉਨ੍ਹਾਂ ਵਿਚ ਦ੍ਰਹਯੂ, ਸ਼ਿਵੀ, ਪਕਥ, ਭਲਾਨਸੂ ਦੇ ਵੀ ਨਾਉਂ ਹਨ। ਪਕਥ ਸਪਸ਼ਟ ਸੀ ਪਖਤੂਨਾਂ ਦੇ ਪੁਰਖੇ ਸਨ ਅਤੇ ਇਹੀ ਉਨ੍ਹਾਂ ਦਾ ਸਭ ਤੋਂ ਪੁਰਾਣਾ ਵਰਣਨ ਹੈ। ਪਖ਼ਤੂਨ ਲੋਕ ਸਿਬੀ ਤਕ ਆਪਣੀ ਹੱਦ ਮੰਨਦੇ ਹਨ ਅਤੇ ਇਥੇ ਵੀ ਪਕਥਾਂ ਦਾ ਨਾਉਂ ਸ਼ਿਵੀਆਂ ਦੇ ਨਾਲ ਆਇਆ ਹੈ। ਭਲਾਨਸੂ ਦੇ ਨਾਉਂ ਤੋਂ ਦਰਾ ਬੋਲਾਨ ਦਾ ਨਾਉਂ ਪਿਆ, ਇਹ ਹੀ ਅੰਦਾਜ਼ਾ ਲਗਾਇਆ ਗਿਆ ਹੈ।

ਮਦਰਾਂ ਦੀ ਰਾਜਧਾਨੀ ਸ਼ਾਕਲ ਸੀ ਜਿਸ ਨੂੰ ਅਜਕਲ ਦਾ ਸਿਆਲਕੋਟ ਸੂਚਿਤ ਕਰਦਾ ਹੈ। ਮਹਾਂ ਭਾਰਤ ਦੀ ਸਵਿਤਰੀ ਦੀ ਕਹਾਣੀ ਪ੍ਰਸਿਧ ਹੈ। ਸਵਿਤਰੀ ਮਧਰਾਂ ਦੀ ਲੜਕੀ ਸੀ। ਰਿਗਵੇਦ ਦੀ ਇਕ ਸਹਿੰਤਾ ਦਾ ਨਾਉਂ ਸ਼ਾਕਲ-ਸਹਿੰਤਾ ਹੈ; ਉਹ ਉਸਦਾ ਸਿਆਲਕੋਟੀ ਐਡੀਸ਼ਨ ਹੈ।

ਮਹਾਂ ਭਾਰਤ ਯੁੱਧ ਵਿਚ ਪੰਜਾਬ ਦੇ ਤ੍ਰਿਗਰਤ, ਮਦਰ, ਕੈਕਯ, ਸ਼ਿਵੀ, ਵਸਾਤੀ ਗੰਧਾਰ, ਸਿੰਧੂ-ਸ਼ੋਵੀਰ ਆਦਿ ਲੋਕਾਂ ਨੇ ਜੋ ਹਿਸਾ ਲਿਆ ਸੋ ਪ੍ਰਸਿਧ ਹੈ।

## ਪੂਰਕ ਅੰਸ਼

## ਸਤਲੁਜ ਦੂਨ ਤੋਂ ਪੁਰਾਣੇ ਚਿੰਨ੍ਹ ਪਾਏ ਜਾਣ ਦੀ ਕਹਾਣੀ

ਰੋਪੜ ਦੀ ਖੁਦਾਈ ਦਾ ਪੂਰਾ ਵਰਣਨ ਬਹੁਤ ਸਮੇਂ ਤਕ ਨਾ ਛਪਿਆ। ਉੱਥੇ ਸਿੰਧੂ ਘਾਟੀ ਦੀ ਸਭਿਅਤਾ ਦੇ ਚਿੰਨ੍ਹ ਮਿਲਣ ਦੀ ਗੱਲ ਤਾਂ ਅਖਬਾਰਾਂ ਵਿਚ ਆਈ ਸੀ। ਸੰਨ 1959 ਵਿਚ ਰੋਪੜ ਜਾਣ ਤੇ ਮੈਨੂੰ ਪਤਾ ਲਗਾ ਕਿ ਅਹਛਿਤਰ ਸਭਿਅਤਾ ਦੇ ਚਿੰਨ੍ਹ

ਵੀ ਮਿਲੇ ਹਨ। ਤਦ ਇਹ ਗੱਲ ਮੇਰੇ ਧਿਆਨ ਵਿਚ ਆਈ ਕਿ ਉਸ ਸਭਿਅਤਾ ਦਾ ਉਥੇ ਉਪਰਲੀ ਸਤਲੁਜ ਦੂਨ ਤੋਂ ਆਏ ਹੋਣ ਦੀ ਸੰਭਾਵਨਾ ਹੈ। ਭਾਖੜੇ ਤੋਂ ਬਿਲਾਸਪੁਰ ਤਕ ਦੀ ਸਤਲੁਜ ਦੂਨ ਸੰਨ 1961 ਵਿਚ ਹੀ ਗੋਬਿੰਦ-ਸਾਗਰ ਵਿਚ ਹੀ ਡੁਬ ਜਾਣ ਵਾਲੀ ਸੀ। ਮੇਰੇ ਧਿਆਨ ਵਿਚ ਇਹ ਆਇਆ ਕਿ ਉਸਦੇ ਪੁਰਾਤਨ ਚਿੰਨ੍ਹਾਂ ਦੀ ਖੋਜ ਕੀਤੀ ਜਾਣੀ ਚਾਹੀਦੀ ਹੈ। ਅਚੰਭੇ ਦੀ ਗੱਲ ਹੈ ਕਿ ਭਾਰਤ ਦੇ ਵਿਸ਼ਾਲ ਪੁਰਾਤਨ ਨਿਸ਼ਾਨਾਂ ਬਾਰੇ ਖੋਜ ਕਰਨ ਵਾਲੇ ਮਹਿਕਮੇ ਦੇ ਕਿਸੇ ਅਧਿਕਾਰੀ ਦਾ ਧਿਆਨ ਤਦ ਤਕ ਇਸ ਪਾਸੇ ਨਹੀਂ ਸੀ ਗਿਆ।

ਭਾਰਤ ਸਰਕਾਰ ਨੇ 1951 ਵਿਚ ਕਾਨੂੰਨ ਬਣਾ ਕੇ ਪ੍ਰਾਂਤ-ਸਰਕਾਰਾਂ ਅਤੇ ਯੂਨੀਵਰਸਿਟੀਆਂ ਨੂੰ ਵੀ ਪੁਰਾਤਨ ਨਿਸ਼ਾਨਾਂ ਨੂੰ ਖੋਜ ਕਰਨ ਦੀ ਆਗਿਆ ਦਿਤੀ ਸੀ। ਅਨੇਕ ਪ੍ਰਾਂਤ ਵਿਚ ਤਦੋਂ ਤੋਂ ਚੰਗੇ ਪੁਰਾਤਨ ਨਿਸ਼ਾਨਾਂ ਨੂੰ ਖੋਜਣ ਵਾਲੇ ਮਹਿਕਮੇ ਖੜੇ ਹੋ ਗਏ, ਪਰ ਪੰਜਾਬ ਵਿਚ ਜਿੱਥੇ ਕਿ ਪੁਰਾਤਨ ਸਾਮਗ੍ਰੀ ਸ਼ਾਇਦ ਹੋਰ ਪ੍ਰਾਤਾਂ ਤੋਂ ਬਹੁਤੀ ਹੈ, ਅਜੇ ਤਕ ਕੋਈ ਪੁਰਾਤਨ ਚਿੰਨ੍ਹ ਖੋਜਣ ਵਾਲਾ ਮਹਿਕਮਾ ਨਹੀਂ ਬਣਿਆ। ਸੰਨ 1957 ਤੋਂ ਭਾਰਤ ਸਰਕਾਰ ਵਾਰ ਵਾਰ ਪੰਜਾਬ ਸਰਕਾਰ ਨੂੰ ਲਿਖ ਕੇ ਪ੍ਰੇਰਨਾਂ ਅਤੇ ਉਤਸ਼ਾਹ ਦੇਂਦੀ ਰਹੀ ਪਰ ਫਿਰ ਵੀ ਉਥੇ ਕੁਝ ਨਹੀਂ ਹੋ ਸਕਿਆ। ਸ਼ਿਖਸ਼ਾ ਮੰਤਰੀ ਸ੍ਰੀ ਅਮਰਨਾਥ ਵਿਦਿਆਲੰਕਾਰ ਨੇ 1957 ਵਿਚ ਹੀ ਮੇਰੇ ਨਾਲ ਕਈ ਵਾਰੀ ਇਸ ਵਿਸ਼ੇ ਤੇ ਸਲਾਹ ਕਰ ਕੇ ਕੁਝ ਅਰੰਭ ਕਰਨਾ ਚਾਹਿਆ, ਪਰ ਪੰਜਾਬ ਸਿੱਖਿਆ ਮੰਤ੍ਰਾਲਿਯ ਦੇ ਕਰਮਚਾਰੀ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਵਿਅਰਥ ਕਰਦੇ ਰਹੇ। ਉਸ ਅਮਲੇ ਦੀ ਇੱਛਾ ਮੈਨੂੰ ਇਹ ਵਿਖਾਈ ਦਿਤੀ ਹੈ ਕਿ ਉਨ੍ਹਾਂ ਦੇ ਗਿਆਨ ਤੋਂ ਉੱਚਾ ਕੋਈ ਕੰਮ ਨਹੀਂ ਹੋਣਾ ਚਾਹੀਦਾ, ਜਿਸਤੋਂ ਉਨ੍ਹਾਂ ਦੇ ਚੌਧਰੀਪਣ ਨੂੰ ਧੱਕਾ ਨਾ ਲੱਗੇ, ਅਤੇ ਉਹ ਇਸਦੇ ਅਨੁਸਾਰ ਅਜ ਤਕ ਅਮਲ ਕਰਦਾ ਹੈ। ਦਸੰਬਰ 1950 ਵਿਚ ਸ੍ਰੀ ਅਮਰਨਾਥ ਵਿਦਿਆਲੰਕਰ ਨੇ ਹੁਸ਼ਿਆਰ-ਪੁਰ ਵਿਚ ਮੇਰੇ ਡੇਰੇ ਆ ਕੇ ਸਲਾਹ ਕੀਤੀ, ਤਦ ਮੈਂ ਉਨ੍ਹਾਂ ਨੂੰ ਕਿਹਾ ਕਿ ਭਾਖੜਾ-ਬਿਲਾਸਪੁਰ ਦੂਨ ਦਿਆਂ ਪੁਰਾਤਨ ਚਿੰਨ੍ਹਾਂ ਨੂੰ ਖੋਜਣ ਦਾ ਪ੍ਰਬੰਧ ਤੁਰਤ ਕੀਤਾ ਜਾਣਾ ਚਾਹੀਦਾ ਹੈ। ਮੈਂ ਤਦ ਕੁਰਕਸ਼ੇਤਰ ਯੂਨੀਵਰਸਿਟੀ ਦੇ ਲਈ ਖੋਜ ਯੋਜਨਾ ਬਨਾਉਣ ਵਿਚ ਰੁੱਝਾ ਸੀ। ਉਸ ਤੋਂ ਛੁਟੀ ਪਾ ਕੇ ਹੀ ਅਪਰੈਲ 1960 ਵਿਚ ਉਨ੍ਹਾਂ ਨੂੰ ਪੱਤਰ ਲਿਖਿਆ, ਜਿਸ ਵਿਚ ਪੁਰਾਤਨ ਚਿੰਨ੍ਹਾਂ ਨੂੰ ਖੋਜਣ ਦਾ ਮਹੱਤਵ ਸਪੱਸ਼ਟ ਕਰਦੇ ਹੋਏ ਉਸਨੂੰ ਤੁਰੰਤ ਅਰੰਭ ਕਰਨ ਦੀ ਬੇਨਤੀ ਕੀਤੀ, ਤੇ ਇਹ ਵੀ ਲਿਖਿਆ ਇਸ ਤੋਂ ਅਜੇਹੀਆਂ ਚੀਜ਼ਾਂ ਦੇ ਹੱਥ ਲਗਣ ਦੀ ਸੰਭਾਵਨਾ ਹੈ ਜਿਸ ਤੋਂ ਮਨੁੱਖ ਦੇ ਅਰਭਿਕ ਇਤਿਹਾਸ ਦਾ ਰੁਖ਼ ਪੱਲਟ ਸਕਦਾ ਹੈ, ਅਤੇ ਸੰਸਾਰ ਭਰ ਦੇ ਵਿਦਵਾਨਾਂ ਦਾ ਧਿਆਨ ਪੰਜਾਬ ਦੇ ਇਸ ਕੰਮ ਵੱਲ ਖਿਚਿਆ ਜਾ ਸਕਦਾ ਹੈ। ਇਸ ਚਿੱਠੀ ਦੀ ਨਕਲ ਮੈਂ ਕੁਰਕਸ਼ੇਤਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਵੀ ਭੇਜੀ, ਉਨ੍ਹਾਂ ਨੇ ਵੀ ਉਤਸ਼ਾਹ ਦਿਤਾ। ਅਮਰਨਾਥ ਜੀ ਨੇ ਬਹੁਤ ਹੱਥ ਪੈਰ ਮਾਰੇ, ਕੁਰਕਸ਼ੇਤਰ ਅਤੇ ਪੰਜਾਬ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਨੇ ਵੀ ਉਤਸ਼ਾਹ ਦਿੱਤਾ। ਸਭ ਵਿਅਰਥ, ਪਰ ਇਹ ਤਾਂ 'ਮੱਝ ਅਗੇ ਬੀਨ ਵਜਾਈ ਅਤੇ ਮੱਝ ਖੜੀ ਜੁਗਾਲੀ ਕਰਦੀ ਰਹੀ' ਵਾਲੀ ਗੱਲ ਹੈ।

ਪਰ ਉਸਦੇ ਜੁਗਾਲੀ ਕਰਦੇ ਕਰਦੇ ਬਿਲਾਸਪੁਰ ਡੁਬ ਹੀ ਨਾ ਜਾਏ ਇਹ ਵੇਖ ਕੇ ਮੈਂ ਸਤੰਬਰ 1960 ਵਿਚ ਭਾਰਤੀ ਪੁਰਾਤਨ ਚਿੰਨ੍ਹਾਂ ਦੀ ਖੋਜ ਕਰਨ ਵਾਲੇ

ਮਹਿਕਮੇ ਦੇ ਮਹਾਂ-ਨਿਰਦੇਸ਼ਕ ਨੂੰ ਤੇ ਬੜੌਦਾ ਯੂਨੀਵਰਸਿਟੀ ਦੇ ਵਿਦਵਾਨ ਪੁਰਾਤਨ ਚਿੰਨ੍ਹਾਂ ਦੇ ਖੋਜੀ ਸੁਰਗਵਾਸੀ ਪ੍ਰੋ. ਸੂਬਾ ਰਾਵ ਨੂੰ ਵੀ ਖਤ ਲਿਖ ਕੇ ਉਨ੍ਹਾਂ ਦਾ ਧਿਆਨ ਵੀ ਇਸ ਪਾਸੇ ਖਿਚਿਆ। ਪ੍ਰੋ. ਸੂਬਾ ਰਾਵ ਨੇ ਛੇਤੀ ਹੀ ਇਸ ਕੰਮ ਦਾ ਮਹੱਤਵ ਪਛਾਣ ਲਿਆ ਅਤੇ ਲਿਖਿਆ ਕਿ ਉਹ (ਆਪਣੇ ਗੁਰੂ, ਪੂਨਾ ਯੂਨੀਵਰਸਿਟੀ ਦੇ) ਡਾ. ਸਕਾਲੀਆ ਦਾ ਧਿਆਨ ਵੀ ਇਸ ਵਲ ਖਿਚ ਰਹੇ ਹਨ, ਪਰ ਉਹ ਲੋਕ ਅਗਲੀ ਜਨਵਰੀ ਵਿਚ ਲੰਦਨ ਦੇ ਪ੍ਰੋ. ਜ਼ਯੂਬਰ ਦੇ ਨਾਲ ਇਕ ਖੁਦਾਈ ਦਾ ਪ੍ਰੋਗਰਾਮ ਬਣਾ ਚੁਕੇ ਹਨ ਸੋ ਅਸੀਂ ਪੰਜਾਬ ਤੋਂ ਹੀ ਇਸ ਨੂੰ ਕਰਨ ਦੀ ਕੋਸ਼ਿਸ਼ ਕਰੀਏ। ਉਧਰ ਭਾਰਤੀ ਪੁਰਾਤਨ ਚਿੰਨ੍ਹਾਂ ਨੂੰ ਖੋਜਣ ਵਾਲੇ ਮਹਿਕਮੇ ਦੇ ਉਪ-ਮਹਾਂਨਿਰਦੇਸ਼ਕ ਸ੍ਰੀ ਵੈ. ਦੂ. ਕ੍ਰਿਸ਼ਣ ਸੁਆਮੀ ਦਾ 13 ਦਸੰਬਰ 1960 ਦਾ ਲਿਖਿਆ ਖਤ ਆਇਆ ਕਿ ਅਸੀਂ ਜਲਦੀ ਕਾਰਵਾਈ ਕਰਾਂਗੇ। ਸੋ ਫ਼ਰਵਰੀ 1961 ਵਿਚ, ਜਦ ਕਿ ਮੈਂ ਇਸ ਕਿਤਾਬ ਨੂੰ ਲਿਖ ਰਿਹਾ ਸੀ, ਸ੍ਰੀ ਕ੍ਰਿਸ਼ਣ-ਸੁਆਮੀ ਆਪ ਆਪਣੀ ਟੋਲੀ ਨਾਲ ਖੋਜ ਕਰਨ ਉਥੇ ਜਾ ਪੁੱਜੇ। ਸਤਲੁਜ ਦੂਨ ਜਿਸ ਤਹ ਤਕ ਡੁੱਬਣ ਵਾਲੀ ਸੀ ਉਸ ਤਕ ਉਨ੍ਹਾਂ ਖੋਜ ਕੀਤੀ, ਜਿਸ ਤੋਂ ਕੀਮਤੀ ਪੁਰਾਣੇ ਚਿੰਨ੍ਹਾਂ ਦਾ ਸੰਗ੍ਰਹ ਅਤੇ ਉਸ ਰਾਹੀਂ ਇਹ ਕੀਮਤੀ ਸੱਚ ਹਥ ਆਇਆਂ ਕਿ ਕਸ਼ਮੀਰ ਦੀ ਤਰ੍ਹਾਂ ਹਿਮਾਲਾ ਦੇ ਇਧਰ ਦੀਆਂ ਦੂਨਾਂ ਵੀ 3-4 ਲੱਖ ਵਰ੍ਹੇ ਪਹਿਲਾਂ ਮਨੁੱਖ ਨਾਲ ਆਬਾਦ ਸਨ।

ਮੈਂ ਜਿਸ ਸਭਿਅਤਾ ਦੇ ਚਿੰਨ੍ਹ ਪਾਏ ਜਾਣ ਦੀ ਆਸ ਲਗਾਈ ਸੀ ਉਹ ਉੱਪਰ ਦੀਆਂ ਤੈਹਾਂ ਵਿਚ ਮਿਲ ਸਕਦੇ ਹਨ।

ਅਧਿਆਇ ਚੌਥਾ

# ਪਹਿਲੇ ਗਣਰਾਜ ਅਤੇ ਸਾਮਰਾਜ

## 1. ਉੱਤਰ ਵੈਦਿਕ ਅਤੇ ਮਹਾਂਜਨਪਦ ਯੁਗਾਂ ਵਿਚ ਉੱਤਰ-ਪੱਛਮੀ ਭਾਰਤ

ਪਿਛਲੇ ਵੈਦਿਕ ਕਾਲ ਵਿਚ ਆਰਯ ਵਰਤ ਦਾ ਆਰਥਿਕ ਜੀਵਨ ਵੈਦਿਕ ਕਾਲ ਤੋਂ ਬਹੁਤ ਦ੍ਰਿੜ੍ਹ ਹੋ ਗਿਆ ਅਤੇ ਰਾਜ ਸੰਸਥਾ ਵਿਚ ਸਪਸ਼ਟ ਉੱਨਤੀ ਹੋਈ। ਕਪਾਹ ਅਤੇ ਮੁਰਗੀ ਪਾਲਣ ਦਾ ਉਲੇਖ ਪਹਿਲੇ ਪਹਿਲ ਗ੍ਰਹ ਸੂਤਰਾਂ ਵਿਚ ਮਿਲਦਾ ਹੈ। ਮਹਾਂਜਨਪਦ ਯੁਗ ਅਰਥਾਤ ਭਗਵਾਨ ਬੁਧ ਦੇ ਯੁਗ ਤਕ ਬਾਗਬਾਨੀ ਸ਼ੁਰੂ ਹੋ ਚੁਕੀ ਸੀ ਅਤੇ ਸ਼ਿਲਪ ਤੇ ਵਪਾਰ ਦਾ ਬਹੁਤ ਵਿਕਾਸ ਹੋ ਚੁਕਿਆ ਸੀ।

ਜਨ ਜਿਨ੍ਹਾਂ ਪ੍ਰਦੇਸ਼ਾਂ ਤੇ ਵਸੇ ਸਨ ਉੱਤਰ ਵੈਦਿਕ ਕਾਲ ਤੋਂ ਉਹ ਉਨ੍ਹਾਂ ਦੇ ਜਨਪਦ ਕਹਿਲਾਉਣ ਲਗੇ, ਅਤੇ ਜੋ ਰਾਜ ਜਨਾਂ ਦੇ ਸਨ ਜਨਪਦਾਂ ਦੇ ਹੋ ਗਏ। ਉਦਾਹਰਣ ਲਈ ਮਦਰ ਜਨਪਦ ਵਿਚ ਹੁਣ ਜੇ ਕੋਈ ਵਸ ਜਾਂਦਾ ਅਤੇ ਉਸ ਵਿਚ ਭਗਤੀ ਰੱਖਦਾ ਉਹ ਮਦਰਕ ਅਖਵਾਉਂਦਾ ਅਤੇ ਮਦਰ ਰਾਜ ਦੀ ਪਰਜਾ ਹੋ ਸਕਦਾ ਸੀ। ਜਨਪਦ ਦੀ ਬਹੁਤੀ ਪਰਜਾ ਚਾਹੇ ਪੁਰਾਣੇ ਜਨ ਦੀ ਹੁੰਦੀ, ਤਾਂ ਵੀ ਕਿਸੇ ਰਾਜ ਦੀ ਸਮੁੱਚੀ ਪਰਜਾ ਦਾ ਇਕੋ ਜਾਤੀ ਦਾ ਹੋਣਾ ਜ਼ਰੂਰੀ ਹੈ, ਇਹ ਵਿਚਾਰ ਜਾਂਦਾ ਰਿਹਾ। ਰਾਜ ਦਾ ਆਧਾਰ ਹੁਣ ਭੂਮੀ ਹੋ ਗਿਆ। ਇਕ ਇਕ ਬਸਤੀ ਵਿਚ ਇਕ ਇਕ ਧੰਦੇ ਤੋਂ ਜੀਵਕਾ ਚਲਾਣ ਵਾਲੇ ਲੋਕਾਂ ਦੇ ਸੰਗਠਨ ਬਣ ਗਏ ਜੋ ਸ਼੍ਰੇਣੀ ਕਹਿਲਾਏ। ਰਾਸ਼ਟਰ ਦੀ ਰਾਜ-ਸੰਸਥਾ ਵਿਚ ਉਨ੍ਹਾਂ ਦਾ ਸਥਾਨ ਗਰਾਮਾਂ ਦੀ ਤਰ੍ਹਾਂ ਹੋ ਗਿਆ। ਇਸੇ ਪ੍ਰਕਾਰ ਵਪਾਰੀਆਂ ਦੇ ਨਿਯਮ ਬਣੇ। ਸ਼ਿਲਪ ਅਤੇ ਵਪਾਰ ਵਧਣ ਨਾਲ ਨਗਰਾਂ ਦਾ ਵੀ ਵਿਕਾਸ ਹੋਇਆ।

ਛਾਂਦਯੋਗ ਉਪਨਿਸ਼ਦ (5, 11) ਵਿਚ ਕੈਕਯ ਦੇ ਰਾਜਾ ਅਸ਼ਵਪਤੀ ਦੇ ਕੋਲ ਗਿਆਨ ਲੈਣ ਲਈ ਆਰਯਵਰਤ ਦੇ ਅਨੇਕ ਜਨਪਦਾਂ ਤੋਂ ਕਈ ਵਿਦਵਾਨਾਂ ਦੇ ਜਾਣ ਦੀ ਕਹਾਣੀ ਹੈ। ਅਸ਼ਵਾਬਤੀ ਉਨ੍ਹਾਂ ਦਾ ਸਵਾਗਤ ਕਰਦੇ ਹੋਏ ਕਹਿੰਦਾ ਹੈ "ਮੇਰੇ ਦੇਸ਼ ਵਿਚ ਕੋਈ ਚੋਰ ਨਹੀਂ ਹੈ, ਨਾ ਕੋਈ ਕਾਇਰ (ਬੁਜ਼ਦਿਲ) ਨਾ ਕੋਈ ਅਨਾਹਤ-ਅਗਨੀ (ਜਿਸ ਘਰ ਵਿਚ ਯਗ ਦੀ ਅਗਨੀ ਸਥਾਪਿਤ ਨਾ ਹੋਵੇ), ਨਾ ਕੋਈ ਅਨਪੜ੍ਹ, ਨਾ ਦੁਰਾਚਾਰੀ, ਦੁਰਾਚਾਰਣੀ ਤਾਂ ਕਿਥੇ ?" ਇਹ ਕਹਾਣੀ ਜਿਥੇ ਉਸ ਕਾਲ ਦੇ ਪੰਜਾਬ ਦੇ ਜੀਵਨ ਅਤੇ ਸਭਿਅਤਾ ਤੇ ਚਾਨਣ ਪਾਉਂਦੀ ਹੈ, ਉਥੇ ਇਸ ਤੋਂ ਇਹ ਵੀ ਪ੍ਰਗਟ ਹੈ ਕਿ ਜਨਾਂ ਦਾ ਸਥਾਨ ਹੁਣ ਜਨਪਦ ਲੈ ਚੁਕੇ ਸਨ।

ਬਿਆਸ-ਰਾਵੀ ਦੁਆਬ ਦੇ ਕੇਂਦ੍ਰੀ ਭਾਗ-ਅੰਮ੍ਰਿਤਸਰ ਪੱਟੀ ਤਰਨਤਾਰਨ ਪ੍ਰਦੇਸ਼ ਕਠ ਕਹਿਲਾਉਂਦਾ ਸੀ। ਉਸ ਦੀ ਉਪਨਿਸ਼ਦ ਵਿਚ ਨਚਿਕੇਤਸ ਦੀ ਕਹਾਣੀ ਹੈ ਜੋ

ਸਚਾਈ ਦੀ ਖੋਜ ਲਈ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਸੀ ।

ਉੱਤਰਾਪਥ ਦਾ ਖੇਤਰ ਵੀ ਇਸ ਯੁਗ ਵਿਚ ਵਧ ਗਿਆ । ਪੁਰਾਣ ਦੀ ਕਥਾ ਅਨੁਸਾਰ ਦ੍ਰਹਯੂ ਦੇ ਬੰਸਾਂ ਦੇ ਲੋਕ ਗੰਧਾਰ ਤੋਂ ਅੱਗੇ ਉੱਤਰ ਅਤੇ ਪੱਛਮ ਦੇ ਦੇਸ਼ਾਂ ਵਿਚ ਜਾ ਵਸੇ ਸਨ । ਉੱਤਰ ਵੈਦਿਕ ਕਾਲ ਵਿਚ ਅਸੀਂ ਪਹਿਲਾਂ ਪਹਿਲਾਂ ਕੰਬੋਜ ਦੇਸ਼ ਦੀ ਚਰਚਾ ਸੁਣਦੇ ਹਾਂ ਜਿਹੜਾ ਦਰਦ ਤੇ ਕਪਿਸ਼ ਦੇਸ਼ਾਂ ਦੇ ਉੱਤਰ ਅਜਕਲ ਦੇ ਪਾਮੀਰ ਅਤੇ ਬਦਖ਼ਸ਼ਾਂ ਪ੍ਰਦੇਸ਼ਾਂ ਦਾ ਪੁਰਾਣਾ ਨਾਉਂ ਸੀ ।[1]

ਕੰਬੋਜ ਦੀ ਇਕ ਵੈਦਿਕ ਸੰਪਰਦਾ ਦਾ ਵਰਣਨ ਬੰਸਬ੍ਰਹਮਣ ਵਿਚ ਹੈ, ਅਤੇ ਉਥੋਂ ਦੀ ਬੋਲੀ ਦੀ ਇਕ ਵਿਸ਼ੇਸਤਾ ਦਾ ਵਰਣਨ ਯਾਸਕ ਦੇ ਨਿਰੁਕਤ ਵਿਚ ਹੈ ਜਿਹੜੀ ਵਿਸ਼ੇਸ਼ਤਾ ਅਜ ਤਕ ਵੀ ਉਥੋਂ ਦੀ ਬੋਲੀ ਵਿਚ ਚਲੀ ਆਉਂਦੀ ਹੈ ।


ਜਿਸ ਤਰ੍ਹਾਂ ਕਿ ਪਿਛੇ ਕਿਹਾ ਜਾ ਚੁਕਿਆ ਹੈ ਅਚਾਰੀਆ ਕਿ ਪਾਣਨੀ ਪੱਛਮੀ ਗੰਧਾਰ ਦੇ ਸਨ । ਉਨ੍ਹਾਂ ਦਾ ਪਿੰਡ ਸ਼ਲਾਤੁਰ ਸਿੰਧ ਨਦੀ ਦੇ ਪੁਰਾਣੇ ਘਾਟ ਉਦਭਾਂਡ ਪੁਰ ਤੋਂ ਤਿੰਨ ਕੁ ਮੀਲ ਤੇ ਸੀ । ਉਦਭਾਂਡ ਪੁਰ ਅਜ ਦਾ ਔਹਿੰਦਾ ਹੈ, ਜੋ ਅਟਕ ਤੋਂ ਲਗਭਗ 16 ਮੀਲ ਉੱਤਰ ਵਲ ਹੈ । ਨੌਵੀਂ ਸਦੀ ਈਸਵੀ ਦੇ ਅੰਤ ਦੇ ਲੇਖਕ ਰਾਜਸ਼ੇਖਰ ਨੇ ਆਪਣੇ ਗ੍ਰੰਥ ਕਾਵਿ ਮਿਮਾਨਸਾ ਵਿਚ ਪਾਣਨੀ ਦੇ ਪਾਟਲੀ-ਪੁਤਰ ਆਉਣ ਦੀ ਗੱਲ ਲਿਖੀ ਹੈ, ਅਤੇ ਪਾਟਲੀ-ਪੁਤਰ ਦੀ ਸਥਾਪਨਾ ਲਗਭਗ 480 ਈਸਵੀਂ ਪੂਰਵ ਵਿਚ ਮਗਧ ਦੇ ਰਾਜਾ ਉਦਯੀ ਨੇ ਕੀਤੀ ਸੀ, ਇਸ ਲਈ ਪਾਣਨੀ ਦਾ ਕਾਲ ਅੰਦਾਜ਼ਨ 400 ਈਸਵੀ ਪੂਰਵ ਮੰਨਿਆ ਜਾਂਦਾ ਹੈ । ਪਰੰਤੂ ਪਾਣਨੀ ਦੀ ਅਸ਼ਟ-ਧਿਆਈ ਵਿਚ ਸੰਸਕ੍ਰਿਤ ਬੋਲੀ ਦਾ ਜਿਹੜਾ ਰੂਪ ਹੈ ਉਸ ਤੋਂ ਪਤਾ ਲਗਦਾ ਹੈ ਕਿ ਉਹ ਬੋਲਚਾਲ ਦੀ ਭਾਖਾ ਸੀ, ਅਤੇ ਉਹ ਦਸ਼ਾ 400 ਈ. ਪੂਰਵ ਤੋਂ ਕਈ ਸਦੀਆਂ ਪਹਿਲਾਂ ਦੀ ਹੋਣੀ ਚਾਹੀਦੀ ਹੈ । ਇਸੇ ਲਈ ਡੇਢ ਹਜ਼ਾਰ ਸਾਲ ਪਿਛੋਂ ਰਾਜਸ਼ੇਖਰ ਦੁਆਰਾ ਦਰਜ ਕੀਤੀ ਅਨੁਸ਼ਰੁਤੀ ਨੂੰ ਅਖਰ ਅਖਰ ਠੀਕ ਮੰਨਣਾ ਠੀਕ ਨਹੀਂ ਹੋਏਗਾ । ਸਪਸ਼ਟ ਹੈ ਰਾਜਸ਼ੇਖਰ ਨੇ ਮਗਧ-ਰਾਜਧਾਨੀ ਦੇ ਅਰਥ ਵਿਚ ਹੀ ਪਾਟਲੀ-ਪੁਤਮ ਲਿਖਿਆ ਹੈ ।

ਪਾਣਨੀ ਦੀ ਅਸ਼ਟ-ਧਿਆਈ ਨਾਲ ਪੰਜਾਬ ਅਤੇ ਆਂਢ-ਗੁਆਂਢ ਦੇ ਜਨਪਦਾਂ ਦੇ ਵਿਸ਼ੇ ਵਿਚੋਂ ਬਹੁਤ ਜਾਣਕਾਰੀ ਮਿਲਦੀ ਹੈ । ਪੰਜਾਬ ਦੇ ਜਨਪਦਾਂ ਵਿਚੋਂ ਬਹੁਤ ਸਾਰੇ ਤਦ ਆਯੁਧ-ਜੀਵੀ ਸੰਘ ਅਰਥਾਤ ਜੋਧਿਆਂ ਦੇ ਗਣਰਾਜ ਸਨ । ਉਨ੍ਹਾਂ ਵਿਚੋਂ ਬਹੁਤਿਆਂ ਦੇ ਠੀਕ ਸਥਾਨ ਦਾ ਨਿਸ਼ਚਾ ਅਸੀਂ ਚੌਥੀ ਸਦੀ ਈ. ਪੂ. ਦੇ ਯੂਨਾਨੀ ਲੇਖਕਾਂ ਦੇ ਬ੍ਰਿਤਾਂਤ ਦੀ ਸਹਾਇਤਾ ਨਾਲ ਕਰ ਸਕਦੇ ਹਾਂ।

ਉੱਤਰ ਵੈਦਿਕ ਕਾਲ ਵਿਚ ਜਿਹੜੇ ਜਨਪਦ ਭਾਰਤ ਵਿਚ ਸਥਾਪਿਤ ਹੋਏ ਕੁਝ ਸਮੇਂ ਪਿਛੋਂ ਉਨ੍ਹਾਂ ਵਿਚੋਂ ਕਈਆਂ ਨੇ ਦੂਜਿਆਂ ਦੇ ਪ੍ਰਦੇਸ਼ ਜਿਤ ਕੇ, ਕਈਆਂ ਆਪਸ ਵਿਚ ਮਿਲ ਕੇ ਆਪਣੀ ਭੂਮੀ ਵਧਾ ਲਈ । ਉਹ ਮਹਾਂਜਨਪਦ ਅਖਵਾਏ । ਮਹਾਂਜਨ-

---

[1]ਜੈ ਚੰਦ੍ਰ ਵਿਦਿਆਲੰਕਾਰ (1930) ਜਿਸ ਦਾ ਕਥਨ ਪਹਿਲਾਂ ਹੋ ਚੁਕਿਆ ਹੈ, ਪੰਨਾ 101 ਤੋਂ; (1931) ਜਿਸ ਦਾ ਕਥਨ ਪਹਿਲਾਂ ਹੋ ਚੁਕਿਆ ਹੈ, ਪੰਨਾ 297,304; (1933) ਜਿਸ ਦਾ ਕਥਨ, ਪੰਨਾ ਪਹਿਲਾ ਹੋ ਚੁਕਿਆ ਪੰਨਾ 740-81.




ਨਕਸ਼ਾ-4.

ਭਾਰਤ ਦਾ ਪੱਛਮੀ ਧਰਤੀ ਵਾਲਾ ਸੀਮਾਂਤ

ਪਦ ਦਾ ਯੁੱਗ ਅਠਵੀਂ ਸਦੀ ਈ. ਪੂਰਵ ਤੋਂ ਪੰਜਵੀਂ ਸਦੀ ਈ. ਪੂਰਵ ਤਕ ਹੈ। ਉਸ ਕਾਲ ਦੇ ਬੁਧ ਅਤੇ ਜੈਨ ਗ੍ਰੰਥਾਂ ਵਿਚ ਭਾਰਤ ਦੇ ਸੋਲ੍ਹਾਂ ਮਹਾਂਜਨਪਦਾਂ ਦੀ ਚਰਚਾ ਮਿਲਦੀ ਹੈ। ਇਨ੍ਹਾਂ ਸੋਲ੍ਹਾਂ ਵਿਚੋਂ ਪੂਰਬੀ ਬਿਹਾਰ (ਅੰਗ) ਤੋਂ ਦਿੱਲੀ ਪ੍ਰਦੇਸ਼ (ਕਰੂ) ਪੂਰਬੀ ਰਾਜਸਥਾਨ (ਅਵੰਤੀ) ਅਤੇ ਗੋਦਾਵਰੀ-ਘਾਟੀ (ਅਸ਼ਮਕ) ਤਕ ਫੈਲੇ ਹੋਏ ਸਨ, ਬਾਕੀ ਕੇਵਲ ਦੋ-ਗੰਧਾਰ ਅਤੇ ਕੰਬੋਜ-ਉਤਰਾਪਥ ਵਿਚ ਸਨ। ਗੰਧਾਰ ਵਿਚ ਕਸ਼ਮੀਰ ਵੀ ਸ਼ਾਮਿਲ ਸੀ। ਇਹ ਦੋਵੇਂ ਮਹਾਂਜਨਪਦ ਪੰਜਾਬ ਦੀ ਉੱਤਰ-ਪੱਛਮੀ ਹੱਦ ਤੇ ਸਨ ਬਾਕੀ ਪੰਜਾਬ ਅਤੇ ਸਿੰਧ ਵਿਚ ਛੋਟੇ ਛੋਟੇ ਜਨਪਦ ਸਨ।

ਗੰਧਾਰ ਦੀ ਰਾਜਧਾਨੀ ਤਕਸ਼ਲਾ ਇਸ ਯੁਗ ਵਿਚ ਵਿਦਿਆ ਦਾ ਸਭ ਤੋਂ ਵਡਾ ਕੇਂਦਰ ਸੀ। ਉੱਥੇ ਵਡੇ ਵਡੇ "ਦਿਸ਼ਾਂ-ਪ੍ਰਮੁਖ" ਜਗਤ ਪ੍ਰਸਿਧ ਆਚਾਰੀਆ ਰਹਿੰਦੇ ਸਨ ਅਤੇ "ਤਿੰਨ ਵੇਦ ਅਤੇ ਅਠਾਰਾਂ ਵਿਦਿਆ" ਪੜ੍ਹਾਇਆਂ ਜਾਂਦੀਆਂ ਸਨ। ਆਯੁਰਵੇਦ ਦੇ ਪ੍ਰਸਿਧ ਅਚਾਰੀਆ ਆਤਰੇਯਾਂ ਦਾ ਗੁਰੂਕੁਲ ਉੱਥੇ ਹੀ ਸੀ। ਕਾਸ਼ੀ, ਕੋਸ਼ਲ, ਮਗਧ ਆਦਿ ਦੇਸ਼ਾਂ ਦੇ ਰਾਜਕੁਮਾਰ, ਸੇਠਾਂ ਦੇ ਲੜਕੇ ਅਤੇ ਕਿਸਾਨਾਂ ਦੇ ਪੁਤਰ ਵੀ ਤਕਸ਼ਲਾ ਪੜ੍ਹਨ ਪਹੁੰਚਦੇ ਸਨ। ਤਕਸਲਾ ਦੇ ਅਚਾਰੀਆਂ ਦੇ ਚਰਨਾਂ ਵਿਚ ਬੈਠੇ ਬਿਨਾਂ ਉਸ ਯੁਗ ਵਿਚ ਭਾਰਤ ਵਿਚ ਕੋਈ ਬੰਦਾ ਪੰਡਿਤ ਨਹੀਂ ਅਖਵਾ ਸਕਦਾ ਸੀ।

ਮਧ-ਦੇਸ਼ ਤੋਂ ਤਕਸ਼ਲਾ ਤਕ ਲੋਕਾਂ ਦੀਆਂ ਛੋਟੀਆਂ ਛੋਟੀਆਂ ਟੋਲੀਆਂ ਵਿਚ ਬਿਨਾਂ ਹਥਿਆਰ ਲਏ ਆਣ ਜਾਣ ਦੀ ਬਹੁਤ ਚਰਚਾ ਮਿਲਦੀ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਪੂਰਬੀ ਪੰਜਾਬ ਦੇ ਜਨਮਪਦਾਂ ਵਿਚ ਵੀ ਤਦ ਸ਼ਾਂਤੀ ਅਤੇ ਚੰਗਾ ਪ੍ਰਬੰਧ ਸਥਾਪਿਤ ਸੀ। ਦੱਖਣੀ ਅਤੇ ਪੱਛਮੀ ਪੰਜਾਬ ਦੇ ਸ਼ਿਵੀ ਅਤੇ ਸਿੰਧ ਦਾ ਮੱਧ ਰਾਸ਼ਟਰਾਂ ਦਾ ਵੀ ਬੁਧ ਜਾਤਕ ਗ੍ਰੰਥਾਂ ਵਿਚ ਬਹੁਤ ਵਰਣਨ ਆਇਆ ਹੈ। ਸਿੰਧ ਦਾ ਮੱਧ-ਦੇਸ਼ ਨਾਲ ਲੂਣ ਅਤੇ ਘੋੜਿਆਂ ਦਾ ਵਪਾਰ ਚਲਦਾ ਸੀ। ਸੌਵੀਰ ਰਾਜ ਵਿਚ ਤਦ ਸਮੁੱਚਾ ਅਧੁਨਿਕ ਸਿੰਧ ਪ੍ਰਾਂਤ ਸ਼ਾਮਿਲ ਸੀ। ਉਸ ਦੇ ਤੱਟ ਤੋਂ ਸਮੁੰਦਰੀ ਜਹਾਜ਼ ਜਾਂਦੇ ਸਨ। ਉਸਦੀ ਰਾਜਧਾਨੀ ਰੋਕੁਕ-ਸਖਰ ਦੇ ਸਾਹਮਣੇ ਸਿੰਧ ਨਦੀ ਦੇ ਖੱਬੇ ਪਾਸੇ ਅਜਕਲ ਦੀ ਰੋਂ : ਰੀ-ਉਸ ਯੁਗ ਦੀਆਂ ਸਭ ਤੋਂ ਸੁੰਦਰ ਨਗਰੀਆਂ ਵਿਚ ਗਿਣੀ ਜਾਂਦੀ ਸੀ।

## 2. ਪਾਰਸੀ ਅਤੇ ਮਗਧ ਸਾਮਰਾਜ

ਇਸੇ ਕਾਲ ਵਿਚ ਈਰਾਨ ਵਿਚ ਹਖਾਮਨੀ ਰਾਜਵੰਸ਼ ਸਥਾਪਿਤ ਹੋਇਆ। ਇਸ ਬੰਸ ਦੇ ਮਹਾਨ ਵਿਜੈਤਾ ਸਮਰਾਟ ਕੁਰੂਸ਼ (Cyrus 551-529 ਈ. ਪੂ.) ਨੇ ਸਮੁੱਚਾ ਪੱਛਮੀ ਏਸ਼ੀਆ, ਯੂਨਾਨ ਅਤੇ ਮਿਸਰ ਵੀ ਜਿਤ ਲਏ। ਪੂਰਬ ਵਲ ਉਸ ਨੇ ਬਲਖ਼ ਅਤੇ ਸ਼ਕਾਂ ਤੇ ਮਕਾਂ ਦੇ ਪ੍ਰਦੇਸ਼-ਸ਼ਕਸਤਾਨ ਅਤੇ ਮਕਰਾਨ-ਵੀ ਆਪਣੇ ਸਾਮਰਾਜ ਵਿਚ ਮਿਲਾ ਲਏ। ਇਹ ਤਿਨੋਂ ਪ੍ਰਦੇਸ਼ ਭਾਰਤ-ਈਰਾਨ ਦੀ ਹੱਦ ਦੇ ਅਤੇ ਦੋਨਾਂ ਦੇ ਸਾਂਝੇ ਮੰਨੇ ਜਾਂਦੇ ਸਨ। ਬਲਖ਼ ਤੋਂ ਹਿੰਦਕੋਹ ਦੇ ਦੱਖਣ ਉੱਤਰ ਵਲੋਂ ਕੁਰੂਸ਼ ਨੇ ਭਾਰਤ ਤੇ ਚੜ੍ਹਾਈ ਕੀਤੀ, ਕਾਪਸੀ ਨਗਰੀ ਉਜਾੜ ਦਿਤੀ ਅਤੇ ਪਕਥਾਂ ਨੂੰ ਆਪਣੇ ਅਧੀਨ ਕੀਤਾ। ਭਾਰਤ ਦੀ ਹੱਦ ਤਦ ਹਿੰਦਕੋਹ ਤਕ ਮੰਨੀ ਜਾਂਦੀ ਸੀ ਅਤੇ ਕਾਪਸੀ ਤੇ ਪਕਥਾਂ ਦੇ ਦੇਸ਼ ਉਸਦੇ ਅਧੀਨ ਸਨ। ਮਕਰਾਨ ਦੇ ਰਸਤੇ ਕੁਰੂਸ਼ ਨੇ ਸੌਵੀਰ (ਅਧੁਨਿਕ ਸਿੰਧ ਪ੍ਰਾਂਤ) ਤੇ ਵੀ ਚੜ੍ਹਾਈ ਕੀਤੀ, ਪਰ ਉਥੇ ਇਸ ਦੀ ਹਾਰ ਹੋਈ ਅਤੇ ਕੇਵਲ ਸਤ ਬਚੇ

ਹੋਏ ਸਾਥੀਆਂ ਸਮੇਤ ਜਾਨ ਬਚਾ ਕੇ ਨਠਿਆ।

ਕੁਰੂਸ਼ ਦੇ ਪਿਛੋਂ ਹਖਾਮਨੀ ਬੰਸ ਵਿਚ ਵਿਸ਼ਤਾਸਪ ਦਾ ਪੁਤਰ ਦਾਰਿਯਵਹੁਸ Darius) ਪ੍ਰਸਿੱਧ ਹੋਇਆ (521-485 ਈ. ਪੂ.)। ਉਸ ਨੇ ਭਾਰਤ ਦੇ ਕੰਮਬੋਜ ਗੰਧਾਰ ਅਤੇ ਸਿੰਧ ਪ੍ਰਦੇਸ਼ (ਸਿੰਧ ਨਦੀ ਵਿਚਲੀ ਘਾਟੀ ਅਾਧੁਨਿਕ ਡੇਰਾ ਇਸਮਾਈਲ ਖ਼ਾਨ, ਡੇਰਾ ਗ਼ਾਜ਼ੀਖ਼ਾਨ ਜ਼ਿਲੇ ਅਤੇ ਸਿੰਧ ਸਾਗਰ ਦੁਆਬ) ਵੀ ਜਿਤੇ। ਪਾਰਸੀ ਸਾਮਰਾਜ ਵਿਚ ਚਲੇ ਜਾਣ ਨਾਲ ਤਕਸ਼ਲਾ ਦਾ ਪਤਨ ਹੋਇਆ।

ਸ਼ਕਾਂ ਦੇ ਬਾਰੇ ਸਾਨੂੰ ਪਹਿਲੀ ਜਾਣਕਾਰੀ ਉਨ੍ਹਾਂ ਦੇ ਪਾਰਸੀ ਸਾਮਰਾਜ ਨਾਲ ਸੰਬੰਧ ਹੋਣ ਤੇ ਮਿਲਦੀ ਹੈ। ਪਿਛੋਂ ਉਨ੍ਹਾਂ ਦਾ ਭਾਰਤ ਨਾਲ ਵੀ ਵਡਾ ਸੰਬੰਧ ਰਿਹਾ, ਇਸੇ ਲਈ ਉਨ੍ਹਾਂ ਦੇ ਇਤਿਹਾਸ ਨੂੰ ਇਥੋਂ ਹੀ ਟੋਹਣਾ ਚਾਹੀਦਾ ਹੈ। ਪਾਰਸੀ ਸਾਮਰਾਜ ਦੇ ਜ਼ਮਾਨੇ ਵਿਚ ਉਨ੍ਹਾਂ ਦੇ ਤਿੰਨ ਵਡੇ ਸਮੂਹ ਸਨ। ਇਕ 'ਸਕਾ ਹੌਮਵਰਕਾ' ਜਿਹੜਾ ਅਫ਼ਗਾਨ ਪਠਾਰ ਦੇ ਦੱਖਣ ਪੱਛਮੀ ਸ਼ਕਸਤਾਨ ਵਿਚ ਸੀ। ਇਥੇ ਉਹ ਲੋਕ ਮਧ-ਏਸ਼ੀਆ ਤੋਂ ਅੱਠਵੀਂ ਸਦੀ ਈ. ਪੂਰਵ ਵਿਚ ਆਏ ਸਨ। ਉਨ੍ਹਾਂ ਦੇ ਆਉਣ ਤੋਂ ਪਹਿਲਾਂ ਇਸ ਪ੍ਰਦੇਸ਼ ਦਾ ਨਾਉਂ ਜ਼ਰੰਕ (ਯੂਨਾਨੀ ਰੂਪ Drangiana) ਸੀ। ਦੂਜੇ ਸਕਾ ਤਗ੍ਰਿਖੋਦਾ ਅਰਥਾਤ ਨੋਕੀਲੀ ਟੋਪੀ ਵਾਲੇ ਸ਼ਕ, ਜੋ ਸ਼ੁਧ ਦੁਆਬ ਦੇ ਉੱਤਰੀ ਸਿਰੇ ਤੇ ਸੀਰ (Jaxartes) ਨਦੀ ਦੀ ਘਾਟੀ ਵਿਚ ਰਹਿੰਦੇ ਜਾਂ ਘੁੰਮਦੇ ਸਨ। ਤੀਜੇ ਸਕਾ ਤਦਰਿਆ ਭਾਵ ਸਮੁੰਦਰ ਕੰਢੇ ਤੇ ਰਹਿਣ ਵਾਲੇ ਸ਼ੱਕ ਜਿਹੜੇ ਕਾਸ਼ਪੀ ਸਾਗਰ ਅਤੇ ਕਾਲੇ ਸਾਗਰ ਦੇ ਕੰਢਿਆਂ ਤੇ ਰਹਿੰਦੇ ਸਨ। ਪੁਰਾਣੇ ਸਮੇਂ ਵਿਚ ਅਰਾਲ ਅਤੇ ਕਾਸਪੀ ਸਾਗਰ ਇਕ ਵਡੀ ਦਲਦਲ ਰਾਹੀਂ ਆਪਸ ਵਿਚ ਮਿਲੇ ਹੋਏ ਸਨ ਅਤੇ ਇਸ ਸਮੁੱਚੇ ਉੱਤਰੀ ਸਾਗਰ ਦੇ ਕੰਢੇ ਤੇ ਸ਼ਕ ਲੋਕ ਘੁੰਮਦੇ ਸਨ। ਸ਼ਕਾਂ ਦਾ ਰੰਗ-ਰੂਪ ਬੋਲ-ਚਾਲ ਈਰਾਨੀਆਂ ਨਾਲ ਬਹੁਤ ਕੁਝ ਮਿਲਦਾ ਸੀ, ਉਨ੍ਹਾਂ ਦੇ ਨਾਉਂ ਵਿਚ ਅਸਪ (ਅਸ਼ਵ) ਆਮ ਹੁੰਦਾ ਸੀ।

ਕਮਬੋਜ਼ ਨੂੰ ਛਡ ਭਾਰਤ ਦੇ ਬਾਕੀ ਪ੍ਰਦੇਸ਼-ਅਰਥਾਤ ਕਪਿਸ਼, ਪਕਥ, ਗੰਧਾਰ ਅਤੇ ਸਿੰਧ-ਪਾਰਸੀ ਸਾਮਰਾਜ ਵਿਚ 70-75 ਵਰ੍ਹੇ ਰਹੇ। 327 ਈ. ਪੂਰਵ ਵਿਚ ਜਦ ਸਿਕੰਦਰ ਭਾਰਤ ਦੀ ਹੱਦ ਤੇ ਆਇਆ ਤਦ ਉਹ ਪਾਰਸੀ ਸਾਮਰਾਜ ਵਿਚ ਨਹੀਂ ਸਨ।

ਮਗਧ ਜਨਪਦ ਵਿਚ ਸ਼ਿਸ਼ੂਨਾਕ ਬੰਸ ਦਾ ਰਾਜ ਸੀ ਜਿਸ ਵਿਚ ਛੇਵੀਂ ਸਦੀ ਈ. ਪੂਰਵ ਦੇ ਪਿਛਲੇ ਅੱਧ ਵਿਚ ਮੱਧ-ਦੇਸ਼ ਦਾ ਵਡਾ ਹਿਸਾ ਸ਼ਾਮਿਲ ਹੋ ਗਿਆ ਸੀ। ਉਸੇ ਟਾਕਰੇ ਦਾ ਇਕ ਹੀ ਰਾਜ ਤਦ ਬਚਿਆ ਸੀ, ਉਹ ਸੀ ਅਵੰਤੀ, ਜਿਸ ਦੀ ਰਾਜਧਾਨੀ ਉਜੈਨੀ ਸੀ। ਪੰਜਵੀਂ ਸਦੀ ਈ. ਪੂਰਵ ਦੇ ਪਹਿਲੇ ਭਾਗ ਵਿਚ ਜਦ ਮਗਧ ਦੇ ਰਾਜਾ ਅਜ ਉੱਦਈ (ਲਗਭਗ 483-467 ਈ. ਪੂ.) ਨੇ ਅਵੰਤੀ ਨੂੰ ਵੀ ਜਿਤ ਲਿਆ ਤਦ ਮਗਧ ਰਾਜ ਭਾਰਤ ਦੇ ਮੱਧ-ਦੇਸ਼ ਦਾ ਸਾਮਰਾਜ ਬਣ ਗਿਆ। ਉੱਦਈ ਦਾ ਪੁਤਰ ਨੰਦੀਵਰਧਨ ਹੀ ਬੁਧ ਅਨੁਸ਼ਰੁਤੀ ਦਾ ਕਾਲਾਸ਼ੋਕ ਹੈ ਜਿਸ ਨੇ ਇਕ ਪਾਸੇ ਕਲਿੰਗ (ਉੜੀਸਾ-ਤੱਟ) ਨੂੰ ਜਿਤਿਆ ਅਤੇ ਦੂਜੇ ਪਾਸੇ ਉਪਰ ਕਸ਼ਮੀਰ ਤਕ ਚੜ੍ਹਾਈ ਕੀਤੀ ਸੀ। ਇਹ ਨਤੀਜਾ ਸੁਰਗਵਾਸੀ ਸ੍ਰੀ ਕਾਸ਼ੀ ਪ੍ਰਸ਼ਾਦ ਜੈਸੇਵਾਲ ਨੇ ਪੁਰਾਣਿਕ ਬੁਧ

ਅਤੇ ਜੈਨ ਅਨੁਸ਼ਰੁਤੀ ਦੇ ਤੁਲਨਾਤਮਕ ਅਧਿਐਨ ਤੋਂ ਕੱਢਿਆ ਸੀ ।[1] ਨੰਦੀਵਰਧਨ ਦਾ ਸਮਾਂ ਉਨ੍ਹਾਂ ਨੇ ਲਗਭਗ 458-418 ਈ. ਪੂਰਵ ਨਿਸ਼ਚਿਤ ਕੀਤਾ ਸੀ। ਗੰਧਾਰ ਕਸ਼ਮੀਰ ਤੇ ਚੜ੍ਹਾਈ ਕਰ ਕੇ ਨੰਦੀਵਰਧਨ ਨੇ ਭਾਰਤ ਦੀਆਂ ਹੱਦ-ਪ੍ਰਦੇਸਾਂ ਨੂੰ ਪਾਰਸੀ ਸਾਮਰਾਜ ਤੋਂ ਮੁਕਤ ਕਰਾਇਆ ਜਾਂ ਮੁਕਤ ਹੋਣ ਵਿਚ ਸਹਾਇਤਾ ਕੀਤੀ, ਇਹ ਨਤੀਜਾ ਵੀ ਉਸ ਛਾਣਬੀਣ ਤੋਂ ਨਿਕਲਦਾ ਹੈ।

ਇਨ੍ਹਾਂ ਨਤੀਜਿਆਂ ਤੋਂ ਪੁਰਾਤਨ ਚਿੰਨ੍ਹਾਂ ਦੀ ਖੋਜ ਦੀ ਠੋਸ ਸਾਮਗ੍ਰੀ ਨਾਲ ਅਜੀਬ ਰੂਪ ਵਿਚ ਪੁਸ਼ਟੀ ਹੋਈ ਹੈ। ਉੱਤਰੀ ਭਾਰਤ ਵਿਚ ਪੁਰਾਣੇ ਸਿੱਕਿਆਂ ਦੇ ਬਹੁਤ ਢੇਰ ਮਿਲਦੇ ਰਹੇ ਹਨ ਜਿਨ੍ਹਾਂ ਤੇ ਕੋਈ ਲੇਖ ਯਾ ਮੂਰਤ ਨਹੀਂ, ਹੁੰਦੀ ਕੇਵਲ ਛੈਣੀ ਨਾਲ ਕੀਤੇ ਹੋਏ ਨਿਸ਼ਾਨ ਹੁੰਦੇ ਹਨ। ਇਹ ਆਹਤ (punch-marked) ਸਿੱਕੇ ਭਾਰਤ ਦੇ ਸਭ ਤੋਂ ਪੁਰਾਣੇ ਸਿਕੇ ਬਣਾਨ ਦੇ ਢੰਗ ਦੇ ਬਾਕੀ ਚਿੰਨ੍ਹ ਹਨ। ਬਹੁਤ ਸਮੇਂ ਤਕ ਇਸ ਤੋਂ ਅਧਿਕ ਇਨ੍ਹਾਂ ਦਾ ਕੋਈ ਇਤਿਹਾਸਕ ਅਰਥ ਨਹੀ ਸਮਝਿਆ ਗਿਆ, ਇਨ੍ਹਾਂ ਤੇ ਪਏ ਚਿਨ੍ਹਾਂ ਨੂੰ ਵਪਾਰਕ-ਕਮੇਟੀਆਂ ਜਾਂ ਸ਼੍ਰੇਣੀਆਂ ਦੇ ਚਿਨ੍ਹ ਮੰਨਿਆ ਜਾਂਦਾ ਰਿਹਾ। ਪਰ 1934 ਵਿਚ ਬਨਾਰਸ ਦੇ ਬਾਬੂ ਦੁਰਗਾਪ੍ਰਸ਼ਾਦ ਨੇ ਇਨ੍ਹਾਂ ਤੇ ਪਏ ਚਿਨ੍ਹਾਂ ਦੀ ਵਰਗ-ਵੰਡ ਕਰ ਕੇ ਇਹ ਦਸਿਆ ਕਿ ਕੁਝ ਚਿਨ੍ਹ ਅਜੇਹੇ ਹਨ ਜਿਹੜੇ ਤਕਸ਼ਲਾ ਤੋਂ ਮਗਧ ਤਕ ਦੇ ਸਭ ਸਿਕਿਆਂ ਤੇ ਹਨ। ਉਹ ਸਾਮਰਾਜ ਚਿੰਨ੍ਹ ਮੌਰਿਆ ਦੇ ਸਤੰਭਾਂ ਆਦਿ ਤੇ ਵੀ ਮਿਲੇ ਹਨ। ਕਿਹੜੇ ਚਿੰਨ੍ਹਾਂ ਵਾਲੇ ਸਿਕੇ ਕਿਹੜੇ ਜਨਪਦ ਦੇ ਹਨ ਅਤੇ ਕਿਹੜੇ ਮਗਧ ਸਾਮਰਾਜ ਦੇ ਇਹ ਪਛਾਣੇ ਜਾਣ ਤੇ ਉਨ੍ਹਾਂ ਦੁਆਰਾ ਉਸ ਸਾਮਰਾਜ ਦੇ ਵਿਕਾਸ ਦੇ ਇਤਿਹਾਸ ਤੇ ਚਾਨਣਾ ਪਿਆ। 1941 ਵਿਚ ਪ੍ਰਸਿੱਧ ਗਣਿਤ ਸ਼ਾਸਤਰੀ ਡਾ. ਦਾਮੋਦਰ ਧਰਮਾਨੰਦ ਕੌਸੰਬੀ ਨੇ ਉਨ੍ਹਾਂ ਸਿਕਿਆਂ ਦੀਆਂ ਅਲਗ ਢੇਰੀਆਂ ਦੀ ਘਿਸ਼ਾਈ ਦਾ ਅੰਕ ਸ਼ਾਸਤਰ (statistical) ਤਰੀਕੇ ਨਾਲ ਹਿਸਾਬ ਕਰਕੇ ਇਹ ਜਾਂਚਿਆ ਕਿ ਕਿਹੜੀ ਢੇਰੀ ਕਿੱਥੇ ਤਕ ਵਪਾਰ ਵਿਚ ਕੰਮ ਆਈ। ਇਸ ਪ੍ਰਕਾਰ ਉਨ੍ਹਾਂ ਨੇ ਉਸ ਯੁਗ ਦੀਆਂ ਮੁਖ ਵਪਾਰ-ਸ਼੍ਰੇਣੀਆਂ ਨੂੰ ਟੋਹਿਆ। ਉਹ ਇਸ ਨਤੀਜੇ ਤੇ ਪੁਜੇ ਕਿ ਪੰਜਵੀਂ ਸਦੀ ਈ. ਪੂਰਵ ਵਿਚ ਤਕਸ਼ਲਾ ਦਾ ਵਪਾਰ ਈਰਾਨ ਤੇ ਬਜਾਏ ਭਾਰਤ ਦੇ ਮੱਧ-ਦੇਸ਼ ਅਤੇ ਮਗਧ ਦੇ ਨਾਲ ਸਿਲਸਿਲੇਵਾਰ ਵਧਦਾ ਗਿਆ, ਜਿਸ ਦਾ ਫਲ ਇਹ ਹੋਇਆ ਕਿ ਉਹ ਈਰਾਨੀ ਸਾਮਰਾਜ ਤੋਂ ਨਿਕਲ ਕੇ ਮਗਧ ਸਾਮਰਾਜ ਵਿਚ ਚਲਾ ਗਿਆ। ਜੈਸਵਾਲ ਜੀ ਨੇ ਮਗਧ ਦੇ ਰਾਜਨੀਤਕ ਇਤਿਹਾਸ ਦਾ ਜੋ ਨਕਸ਼ਾ ਬਣਾਇਆ ਸੀ ਉਸਦਾ ਸ੍ਰੀ ਦੁਰਗਾ ਪ੍ਰਸਾਦ ਅਤੇ ਡਾ. ਕੌਸੰਬੀ ਦੀਆਂ ਖੋਜਾਂ ਦੁਆਰਾ ਪੂਰਾ ਸਮਰਥਨ ਹੋ ਗਿਆ।[2]

---

[1] ਕਾ.ਪ੍ਰ. ਜਾਯਸਵਾਲ (1915), ਸ਼ੈਸ਼ੂਨਾਕ ਐਂਡ ਮੌਰੀਆ ਕਰੋਨਾਲੋਜੀ (ਸ਼ੈਸ਼ੂਨਾਕ ਅਤੇ ਮੌਰੀਆ ਕਾਲ ਗਿਣਤੀ), ਜਨਰਲ ਆਫ਼ ਦੀ ਬਿਹਾਰ ਐਂਡ ਉੜੀਸਾ ਸੋਸਾਇਟੀ ਜਿਲਦ 1 ਪੰਨਾ 67-116.

[2] ਦੁਰਗਾ ਪ੍ਰਸ਼ਾਦ (1934), ਕਲਾਸੀਫ਼ੀਕੇਸ਼ਨ ਐਂਡ ਸਿਗਨੀਫ਼ੀਕੇਸ਼ਨ ਔਫ਼ ਦੀ ਸਿੰਮਬਲਜ਼ ਔਨ ਦੀ ਸਿਲਵਰ ਪੰਚ-ਮਾਰਕਡ ਕੌਇਨਜ਼ ਆਫ਼ ਏਨਸ਼ੀਅੰਟ ਇੰਡੀਆ (ਪ੍ਰਾਚੀਨ ਦੇ ਆਹਤ ਚਾਂਦੀ-ਸਿਕਿਆਂ ਉਪਰ ਦੇ ਚਿੰਨ੍ਹਾਂ ਦਾ ਵਰਗੀਕਰਣ ਅਤੇ ਅਰਥ), ਜਨਰਲ ਐਂਡ ਪ੍ਰੋਸੀਡਿੰਗਜ਼ ਆਫ਼ ਦੀ ਏਸ਼ੀਐਟਿਕ ਸੋਸਾਇਟੀ ਆਫ਼ ਬੰਗਾਲ, ਨਿਊ ਸੀਰੀਜ਼ (ਬੰਗਾਲ ਏਸ਼ੀਐਟਿਕ ਸੋਸਾਇਟੀ ਦੀ ਪਤਰਕਾ ਅਤੇ ਕਾਰਜ ਵਿਵਰਣੀ, ਨਵਾਂ ਸਿਲਸਿਲਾ) ਜਿ. 30, ਸ. 3, ਨਿਊ ਮਿਸਮੇਟਿਕ ਸਪਲੀਮੈਂਟ (ਮੁਦਰਾ ਨਸ਼ੀਲਨ ਪਰੀਸ਼ਿਸ਼ਟ) ਸ. 45 ਪੰਨਾ 5-59, ਫਲਕ 1-32। ਦਾ. ਧ. ਕੌਸੰਬੀ (1941) ਔਨ ਦੀ

(ਚਲਦਾ)

## 3. ਸਿਕੰਦਰ ਦੀ ਚੜ੍ਹਾਈ

ਸਿਕੰਦਰ ਦੀ ਭਾਰਤ ਦੇ ਉੱਤਰ-ਪੱਛਮੀ ਭਾਗ ਤੇ ਚੜ੍ਹਾਈ (329-326 ਈ. ਪੂ.) ਦੀ ਕਹਾਣੀ ਵੀ ਜਾਣੀ ਪਛਾਣੀ ਹੈ। ਉਸ ਦੇ ਦੋ ਹਿਸਿਆਂ ਵਲ ਇਥੇ ਧਿਆਨ ਦਿਵਾਉਣਾ ਹੈ।

ਪਹਿਲੇ ਭਾਰਤ ਦੀਆਂ ਹਦਾਂ ਦੇ ਬਾਰੇ ਵਿਚ। ਜਦ ਸਿਕੰਦਰ ਸ਼ਕਸਤਾਨ ਤੋਂ ਹੇਲਮੰਦ ਦੀ ਦੂਨ ਵਿਚ ਚੜ੍ਹਿਆ ਅਤੇ ਫ਼ਿਰ ਜਦ ਬਲਖ਼ ਵਲੋਂ ਚੜ੍ਹ ਕੇ ਹਿੰਦਕੋਹ ਦੇ ਦੱਖਣ ਵਲ ਉਤਰਿਆ ਤਦ ਸਮਕਾਲੀਆਂ ਨੇ ਉਸਦਾ ਭਾਰਤ ਵਿਚ ਪ੍ਰਵੇਸ਼ ਮੰਨਿਆ ਅਰਥਾਤ ਹੇਲਮੰਦ ਦੀ ਵਿਚਲੀ ਘਾਟੀ ਅਤੇ ਬਲਖ਼ ਵਲ ਹਿੰਦਕੋਹ, ਭਾਰਤ ਦੀਆਂ ਹੱਦਾਂ ਤੇ ਸਨ। ਹਿੰਦਕੋਹ ਦੇ ਉੱਤਰ ਵਲ ਵੀ ਇਕ ਭਾਰਤੀ ਰਾਜਾ ਸ਼ਸ਼ੀਗੁਪਤ ਸੀ ਜਿਹੜਾ ਪਾਰਸੀ ਸਾਮਰਾਜ ਦੇ ਸਾਮੰਤ ਦੀ ਹੈਸੀਅਤ ਵਿਚ ਯੁੱਧ ਵਿਚ ਸਿਕੰਦਰ ਨਾਲ ਲੜਿਆ ਸੀ। ਉਹ ਕੰਬੋਜ ਦਾ ਰਾਜਾ ਰਿਹਾ ਹੋਏਗਾ। ਸਿੰਧ ਤੋਂ ਵਾਪਸ ਜਾਂਦੇ ਹੋਏ ਜਦ ਸਿਕੰਦਰ ਨੇ ਹਿੰਗੋਲੀ ਨਦੀ ਅਤੇ ਉਸਦੇ ਜਲ ਸੈਨਾਪਤੀ ਨਿਆਕਰਸ ਨੇ ਮਲਾਨ ਅੰਤਰੀਪ ਲੰਘਿਆ, ਤਦ ਕਿਹਾ ਗਿਆ ਕਿ ਉਹ ਭਾਰਤ ਦੀਆਂ ਹੱਦਾਂ ਤੋਂ ਪਾਰ ਨਿਕਲ ਗਏ। ਵੈਸੇ ਉਸ ਪਾਸੇ ਹਿੰਗੋਲ ਅਤੇ ਮਲਾਨ ਅੰਤਰੀਪ ਭਾਰਤ ਦੀਆਂ ਹੱਦਾਂ ਸਨ।

ਦੂਜਾ, ਸਿਕੰਦਰ ਨੇ ਵਿਸ਼ਾਲ ਪਾਰਸੀ ਸਾਮਰਾਜ ਨੂੰ ਜਿੱਥੇ ਚਾਰ ਸਾਲਾਂ ਵਿਚ ਚਾਰ ਲੜਾਈਆਂ ਨਾਲ ਜਿਤ ਲਿਆ, ਉਥੇ ਭਾਰਤ ਦੇ ਇਸ ਉੱਤਰ-ਪੱਛਮੀ ਭਾਗ ਨੂੰ ਜਿੱਤਣ ਵਿਚ ਉਹਦੇ ਸਾਢੇ ਤਿੰਨ ਵਰ੍ਹੇ ਲਗੇ ਅਤੇ ਕਦਮ ਕਦਮ ਤੇ ਲੜਾਈਆਂ ਲੜਣੀਆਂ ਪਈਆਂ। ਇਥੇ ਬਹੁਤ ਸਾਰੇ ਛੋਟੇ ਛੋਟੇ ਰਾਜ ਸਨ, ਪਰ ਉਹ ਸਭ ਸਵਾਧੀ-ਨਤਾ-ਪ੍ਰੇਮੀ ਜਨਤਾ ਦੇ ਸਨ। ਉਨ੍ਹਾਂ ਵਿਚ ਬਹੁਤ ਸਾਰੇ ਸੰਘ, ਅਰਥਾਤ ਗਣਰਾਜ ਸਨ। ਯੂਨਾਨੀ ਬ੍ਰਿਤਾਂਤ ਵਿਚ ਆਏ ਉਨ੍ਹਾਂ ਦੇ ਅਨੇਕ ਨਾਵਾਂ ਦੀ ਪਾਣਨੀ ਦੀ ਅਸ਼ਟਧਿਆਈ ਅਤੇ ਸੰਸਕ੍ਰਿਤ ਵੰਗਭਯ ਤੇ ਹੋਰ ਗ੍ਰੰਥਾਂ ਵਿਚ ਆਏ ਨਾਵਾਂ ਤੋਂ ਪਛਾਣ ਕੀਤੀ ਗਈ ਹੈ ਅਤੇ ਬ੍ਰਿਤਾਂਤ ਦੁਆਰਾ ਉਨ੍ਹਾਂ ਦੇ ਸਥਾਨ ਨਿਸ਼ਚਿਤ ਹੋ ਸਕੇ ਸਨ। ਗਲੁਚਕਾ-ਇਕੋ ਦਾ ਸੰਘ ਅਸਿਕਨੀ ਅਰਥਾਤ ਝਨਾਂ ਦੀ ਘਾਟੀ ਵਿਚ ਕੈਕਯ ਦੇ ਪੂਰਬ ਵਲ ਸੀ, ਕਠਾਂ ਦਾ ਸੰਘ ਪੰਜਾਬ ਦੇ ਮੱਧ ਵਿਚ ਅੰਮ੍ਰਿਤਸਰ ਪ੍ਰਦੇਸ਼ ਵਿਚ, ਵਿਤਸਤਾ-ਅਸਕਨੀ ਸੰਗਮ ਦੇ ਖੱਬੇ ਸ਼ਿਵੀਆਂ ਦਾ, ਉਸਦੇ ਦੱਖਣ ਰਾਵੀ ਦੇ ਦੋਹੀਂ ਪਾਸੀਂ ਮਾਲਵਾ ਦਾ, ਅਤੇ ਉਨ੍ਹਾਂ ਦੇ ਗੁਆਂਢ ਵਿਚ ਬਿਆਸ ਤੇ ਸ਼ੁਦਰਕਾਂ ਦਾ-ਬਿਆਸ ਤਦ ਰਾਵੀ ਦੇ ਨਾਲ ਨਾਲ ਵਹਿ ਕੇ ਝਨਾਂ ਵਿਚ ਮਿਲਦੀ ਰਹੀ ਹੋਏਗੀ। ਪੰਜਾਬ ਦੇ ਦੱਖਣ ਪੱਛਮੀ ਸਿਰੇ ਤੇ ਅੰਬਸ਼ਠ, ਕਸ਼ਤ੍ਰ ਅਤੇ ਵਸਾਤੀ ਸੰਘ ਸਨ। ਸ਼ਿਵੀ ਅਤੇ ਅੰਬਸ਼ਠਾਂ ਦੇ ਵਿਚ ਇਕ ਅਗਲੱਸ ਜਨਪਦ ਦਾ ਵਰਣਨ ਯੂਨਾਨੀਆਂ ਨੇ ਕੀਤਾ ਹੈ; ਉਸਦਾ ਮੂਲ ਨਾਉਂ ਅਸੀਂ ਅਜੇ ਤਕ ਖੋਜ-ਪਛਾਣ ਨਹੀਂ ਸਕੇ। ਉੱਤਰੀ ਸਿੰਧ ਵਿਚ ਸ਼ੋਦਰ ਅਤੇ ਮੁਚਕਰਣ

---

ਸਟਡੀ ਐਂਡ ਮੈਟਰੋਲੋਜੀ ਔਫ਼ ਸਿਲਵਰ ਪੰਚ-ਮਾਰਕਡ ਕੌਇਨਜ਼ (ਆਹਤ ਚਾਂਦੀ ਸਿਕਿਆਂ ਦਾ ਅਧਿਐਨ ਅਤੇ ਧਾਤੂ ਵਿਵੇਚਨ), ਨਿਊ ਇੰਡੀਅਨ ਆਂਟੀਕੇਰੀ ਜਿ. 4; (1941), ਔਨ ਦੀ ਔਰਿਜਨ ਐਂਡ ਡਵੈਲਪਮੈਂਟ ਆਫ਼ ਸਿਲਵਰ ਕੌਇਨਜ਼ ਇਨ ਇੰਡੀਆ (ਭਾਰਤ ਵਿਚ ਚਾਂਦੀ ਸਿਕਿਆਂ ਦਾ ਜਨਮ ਅਤੇ ਵਿਕਾਸ). ਕਰੈਂਟ ਸਾਇੰਸ ਜਿ. 10ਪੰਨਾ 395-400। ਜੈ ਚੰਦ੍ਰ ਵਿ ਦਿਆਲੰਕਾਰ (1954-60) ਭਾਰਤੀ ਇਤਿਹਾਸ ਦੀ ਮਿਮਾਂਸਾ ਪੰਨਾ 217-20.

ਰਾਸ਼ਟਰ ਸਨ, ਉਨ੍ਹਾਂ ਦੇ ਦੱਖਣ ਨੂੰ ਬ੍ਰਹਮਣਕ ਰਾਸ਼ਟਰ। ਇਨ੍ਹਾਂ ਪੰਜਾਬੀ ਸਿੰਧੀ ਰਾਸ਼ਟਰਾਂ ਦੀਆਂ ਅਨੇਕ ਰਾਜਨੀਤਿਕ ਸਾਮਾਜਿਕ ਰਿਵਾਜਾਂ ਦਾ ਦਿਲਚਸਪ ਵਰਣਨ ਯੂਨਾਨੀਆਂ ਨੇ ਦਿੱਤਾ ਹੈ।

## 4. ਮੌਰੀਆ ਸਾਮਰਾਜ

ਮੌਰੀਆ ਸਾਮਰਾਜ ਦੇ ਜਨਮ ਅਤੇ ਵਿਕਾਸ ਵਿਚ ਪੰਜਾਬ ਦਾ ਮਹੱਤਵਪੂਰਣ ਭਾਗ ਰਿਹਾ ਹੈ।

ਪਾਲੀ ਗ੍ਰੰਥਾਂ ਵਿਚ ਪਿਪਲੀਵਨ ਦੇ ਮੌਰੀਆ ਦਾ ਵਰਣਨ ਬੁਧ ਦੇ ਕਾਲ ਵਿਚ ਮਿਲਦਾ ਹੈ। ਪਿਪਲੀਵਨ ਹਿਮਾਲਾ ਦੀ ਤਰਾਈ ਵਿਚ ਅਜ ਕਲ ਦੇ ਚਪਾਰਨ ਜ਼ਿਲੇ ਵਿਚ ਸੀ। ਮੌਰੀਯ ਦਾ ਹੀ ਸੰਸਕ੍ਰਿਤ ਰੂਪ ਮੌਰਯ ਹੈ। ਮਿਥਲਾ ਦੇ ਮਗਧ ਸਾਮਰਾਜ ਵਿਚ ਸ਼ਾਮਿਲ ਹੋਣ ਤੇ ਮੌਰੀਆ ਸੰਘ ਵੀ ਉਸ ਸਾਮਰਾਜ ਵਿਚ ਸਮਾ ਗਿਆ। ਕੋਈ ਘਟਨਾ ਐਸੀ ਹੋਈ ਜਿਸ ਤੋਂ ਸੰਘ ਦੇ ਯੁਵਕ ਚੰਦਰਗੁਪਤ ਦੇ ਲਈ ਨੰਦ ਸਮਰਾਟ ਨੇ ਮੌਤ ਦੀ ਆਗਿਆ ਦਿਤੀ ਅਤੇ ਚੰਦਰਗੁਪਤ ਨੇ ਨੰਦ ਸਮਰਾਟ ਨੂੰ ਉਖਾੜਨ ਦਾ ਪ੍ਰਣ ਕੀਤਾ। ਉਸ ਹਾਲਤ ਵਿਚ ਫਾਂਸੀ ਦਾ ਪਰਵਾਨਾ ਸਿਰ ਤੇ ਧਰ ਕੇ ਚੰਦਰਗੁਪਤ ਮੌਰੀਆ ਤਕਸ਼ਲਾ ਪਹੁੰਚਿਆ ਅਤੇ ਉਥੇ ਅਚਾਰੀਆ ਵਿਸ਼ਣੂਗੁਪਤ ਚਾਣਕਯ ਨਾਲ ਉਸਦੀ ਮੁਲਾਕਾਤ ਹੋਈ। ਸਿਕੰਦਰ ਜਦ ਪੰਜਾਬ ਆਇਆ ਤਦ ਉਹ ਦੋਵੇਂ ਨਹੀਂ ਸਨ। ਸਿਕੰਦਰ ਦੀ ਮੌਤ ਤੋਂ ਪਿਛੋਂ ਉਨ੍ਹਾਂ ਨੇ ਪੰਜਾਬ ਅਤੇ ਸਿੰਧ ਦੇ ਰਾਸ਼ਟਰਾਂ ਦਾ ਉਧਾਰ ਕਰ ਕੇ ਯੂਨਾਨੀਆਂ ਤੋਂ ਸੁਤੰਤਰ ਕਰਾਇਆ ਅਤੇ ਫਿਰ ਉਨ੍ਹਾਂ ਹੀ ਰਾਸ਼ਟਰਾਂ ਤੋਂ ਸੈਨਾ ਤਿਆਰ ਕਰ ਕੇ ਮਗਧ ਸਾਮਰਾਜ ਨੂੰ ਜਿਤਿਆ।

ਇਸ ਤੋਂ ਪਿਛੋਂ ਅਚਾਰੀਆ ਚਾਣਕਯ ਉਰਫ਼ ਕੌਟਲਯ ਨੇ ਹੀ ਮੌਰੀਆ ਸਾਮਰਾਜ ਦੀ ਸ਼ਾਸਨ-ਨੀਤੀ ਕਾਇਮ ਕੀਤੀ ਅਤੇ ਚੰਦਰਗੁਪਤ ਤੇ ਉਸਦੇ ਪੁਤਰ ਬਿੰਦੂਸਾਰ ਦੇ ਰਾਜ ਪ੍ਰਬੰਧ (ਪ੍ਰਸ਼ਾਸਨ)[1] ਦੀ ਲਗਾਤਾਰ ਅਗਵਾਈ ਕੀਤੀ। ਕੌਟਲਯ ਦਾ ਅਰਥ-ਸ਼ਾਸਤਰ ਭਾਰਤੀ ਵੰਗਭਯ ਨੂੰ ਪਾਣਨੀ ਅਸਟ-ਧਿਆਈ ਦੀ ਤਰ੍ਹਾਂ ਪੰਜਾਬ ਦੀ ਵਡੀ ਦੇਣ ਹੈ। ਉਸ ਵਿਚ ਜਿਸ ਭਾਰਤੀ ਸਾਮਰਾਜ ਦਾ ਨਕਸ਼ਾ ਹੈ ਉਹ ਗਰਾਮਾਂ, ਸ਼੍ਰੇਣੀਆਂ, ਨਗਰਾਂ ਅਤੇ ਜਨਪਦਾਂ ਦੀ ਸਥਾਨਿਕ ਸੁਤੰਤਰਤਾ ਅਤੇ ਆਪਸੀ ਮਿਲਵਰਤਣ ਤੇ ਅਧਾਰਿਤ ਜਨ-ਕਲਿਆਣ ਵਿਚ ਯੋਜਣਾ-ਪੂਰਣ ਲਗੇ ਹੋਏ ਸਾਮਰਾਜ ਦਾ ਹੈ। ਉਸ ਸਾਮਰਾਜ ਲਈ ਵਵਯਹਾਰ (ਕਾਨੂੰਨ) ਦਾ ਜੋ ਆਦਰਸ਼ ਕੌਟਲਯ ਨੇ ਦਿਤਾ ਹੈ, ਉਸ ਵਿਚ ਗ਼ੁਲਾਮੀ ਦੀ ਜੜ੍ਹ ਨੂੰ ਮਿਟਾਣ ਦੀ ਕੋਸ਼ਿਸ਼ ਸਪਸ਼ਟ ਹੈ। ਨ ਤਵੇਵਾਰਯਸਯ ਦਾਸਭਾਵ : ਆਰਯ ਵਰਤ ਦੀ ਪਰਜਾ ਕਦੀ ਦਾਸ ਨਹੀਂ ਹੋ ਸਕਦੀ, ਇਹ ਉਸਦਾ ਮੂਲ ਮੰਤਰ ਹੈ।

ਸਿਲੂਕਸ ਦੇ ਚੜ੍ਹਾਈ ਕਰਨ ਤੇ ਚੰਦਰਗੁਪਤ ਨੇ ਉਸ ਨੂੰ ਹਰਾ ਕੇ ਚਾਰ ਪ੍ਰਾਂਤ ਪ੍ਰਾਪਤ ਕੀਤੇ ਜਿਹੜਾ ਕਿ ਸਪਸ਼ਟ ਹੈ। ਉਹ ਚਾਰ ਪ੍ਰਾਂਤ ਸਨ :

---

[1]ਪ੍ਰਾਚੀਨ ਲੇਖਕਾਂ ਵਿਚ ਰਾਸ਼ਾ ਦੇ ਰਾਜਪਦ ਤੇ ਹੋਣ ਦੇ ਅਰਥ ਵਿਚ ਪ੍ਰਸ਼ਾਸਨ ਸ਼ਬਦ ਵਰਤਿਆ ਗਿਆ ਹੈ ਅਤੇ ਕੌਟਲਯ ਅਰਥ-ਸ਼ਾਸ਼ਤਰ ਵਿਚ ਸ਼ਾਸ਼ਨ ਪ੍ਰਬੰਧ ਅਰਥਾਤ ਚਲਾਣੇ (administration) ਦੇ ਅਰਥ ਵਿਚ ਅਨੁਸਾਸਨ। ਅਜਕਲ ਦੇ ਹਿੰਦੀ ਲੇਖਕ ਉਸ ਅਨੁਸ਼ਾਸਨ ਦੇ ਅਰਥ ਵਿਚ ਪ੍ਰਸ਼ਾਸਨ ਲਿਖਣ ਲਗ ਪਏ ਹਨ।

1. ਪਰੋਂਪਨਸਿਦੀ ਅਰਥਾਤ ਹਿੰਦਕੋਹ ਅਤੇ ਕਾਬਲ ਦੇ ਪ੍ਰਦੇਸ਼
2. ਆਰੀਯ ਅਰਥਾਤ ਹਰਾਤ
3. ਹਰਹਵਤੀ ਜਾਂ ਅਰਖੁਤੀ ਅਰਥਾਤ ਕੰਧਾਰ ਅਤੇ
4. ਗੇਦਰੋਸਿਆ ਅਰਥਾਤ ਅਲਾਤ, ਲਾਸਬੇਲਾ, ਮਕਰਾਨ । ਇਨ੍ਹਾਂ ਤੋਂ ਬਿਨਾਂ ਕੰਬੋਜ ਦੇਸ਼ ਅਰਥਾਤ ਪਾਮੀਰ ਬਦਖਸ਼ਾਂ ਪ੍ਰਦੇਸ਼ ਵੀ ਮੌਰੀਆ ਸਾਮਰਾਜ ਦੇ ਅਧੀਨ ਸਨ ਕਿਉਂਕਿ ਅਸ਼ੋਕ ਦੇ ਸ਼ਿਲਾਲੇਖਾਂ ਵਿਚ ਇਸ ਦਾ ਸਪਸ਼ਟ ਵਰਣਨ ਹੈ ।

ਬਿੰਦੂਸਾਰ ਦਾ 25 ਵਰ੍ਹੇ ਦਾ ਰਾਜ ਕਾਲ ਮੁਖ ਤੌਰ ਤੇ ਦੱਖਣ ਨੂੰ ਜਿੱਤਣ ਵਿਚ ਬੀਤਿਆ, ਪਰ ਅਸ਼ੋਕ ਦੇ ਰਾਜ ਵਿਚ ਕਲਿੰਗ ਤੋਂ ਪਿਛੋਂ ਉੱਤਰਾਪਥ ਦੀਆਂ ਘਟਨਾਵਾਂ ਦਾ ਹੀ ਵਿਸ਼ੇਸ਼ ਮਹੱਤਵ ਹੈ ।

ਅਸ਼ੋਕ ਦੇ ਰਾਜ ਵਿਚ ਸੀਤਾ ਦੀ ਘਾਟੀ ਵਿਚ ਪਹਿਲੇ ਪਾਰਵਰਤੀ ਉਪਨਵੇਸ਼ ਵਸਾਏ ਗਏ । ਅਸ਼ੋਕ ਦੀ ਰਾਣੀ ਤਿਸ਼ਰਕਸ਼ਿਤਾ ਅਤੇ ਤਕਸ਼ਲਾ ਦੇ ਕੁਝ ਅਧਿਕਾਰੀਆਂ ਦੀਆਂ ਸਾਜ਼ਸ਼ਾਂ ਕਰਕੇ ਅਸ਼ੋਕ ਦੇ ਪੁਤਰ ਕੁਣਾਲ ਦੀਆਂ ਅੱਖਾਂ ਕਢੀਆਂ ਗਈਆਂ ਸਨ ਅਤੇ ਉਸ ਅਪਰਾਧ ਦੇ ਅਪਰਾਧੀਆਂ ਨੂੰ ਦੇਸ਼-ਨਿਕਾਲਾ ਦੇ ਕੇ ਸਮਰਾਟ ਨੇ ਖੋਤਨ ਵਿਚ ਵਸਾਇਆ ਸੀ, ਜਿਸ ਤੋਂ ਖੋਤਨ ਉਪਨਿਵੇਸ਼ ਦੀ ਨੀਂਹ ਪਈ, ਅਜੇਹੀ ਖੋਤਨ ਦੀ ਅਨੁਸ਼ਰੁਤੀ ਹੈ । ਪਾਮੀਰ ਦੀ ਪੂਰਬੀ ਹੱਦ ਤੋਂ ਹੇਠ ਚੀਨ ਦੀ ਪੱਛਮੀ ਹਦ ਤਕ ਦੇ ਇਸ ਦੇਸ਼ ਵਿਚ ਤਦ ਸ਼ਕਾਂ ਦੇ ਸਮਗੋਤਰ ਆਰਯ ਬੋਲੀ ਵਾਲੇ ਤੁਖਾਰ ਰਿਸ਼ਕ (yuechi) ਆਦਿ ਖ਼ਾਨਾਬਦੋਸ਼ ਲੋਕ ਘੁੰਮਦੇ ਸਨ ਅਤੇ ਉਨ੍ਹਾਂ ਦੇ ਵਿਚ ਆਰਯ-ਵਰਤੀ ਬਸਤੀਆਂ ਵਸਾਈਆਂ ਗਈਆਂ । ਅਸ਼ੋਕ ਦੇ ਸ਼ਿਲਾਲੇਖਾਂ ਵਿਚ ਗੰਧਾਰ ਕੰਬੋਜ ਦੇ ਨਾਲ ਨਾਭਕ ਅਤੇ ਨਾਭਾਪੰਤੀ (ਨਾਭਾਪੰਕਤੀ) ਪ੍ਰਦੇਸ਼ਾਂ ਦੇ ਵੀ ਨਾਉਂ ਹਨ, ਅਤੇ ਉਹ ਇਸੇ ਦੇਸ਼ ਵਿਚ ਸਨ, ਅਜੇਹਾ ਅੰਦਾਜ਼ਾ ਕੀਤਾ ਗਿਆ ਹੈ । ਲੋਪਨੋਰ ਦੀ ਘਾਟੀ ਵਿਚ ਇਸ ਦੇਸ਼ ਦਾ ਜੋ ਸਭ ਤੋਂ ਪੂਰਬੀ ਆਰਯਵਰਤੀ ਉਪਨਵੇਸ਼ ਸੀ ਉਸਦਾ ਨਾਉਂ ਸਤਵੀਂ ਸਦੀ ਈਸਵੀ ਦੇ ਚੀਨੀ ਯਾਤਰੀ ਯੁਆਨ ਚੁਆਂਗ ਨੇ ਨਫ਼ੋਬੋ ਦਿਤਾ ਹੈ, ਅਤੇ ਉਹ ਕਿਹੜੀ ਸੰਸਕ੍ਰਿਤ ਯਾ ਪ੍ਰਾਕਿਤ ਨਾਉਂ ਦਾ ਦੂਸਰਾ ਰੂਪ ਹੈ। ਉਸਦਾ ਮੂਲ ਰੂਪ ਨਾਭਕ ਹੀ ਪ੍ਰਤੀਤ ਹੁੰਦਾ ਹੈ ।[1]


ਵੈਸੇ ਅਸ਼ੋਕ ਦੇ ਰਾਜ ਵਿਚ ਅਜਕਲ ਦੇ ਚੀਨੀ ਤੁਰਕਿਸਤਾਨ ਦੇ ਪੂਰਬੀ ਸਿਰੇ ਤਕ ਭਾਰਤੀ ਉਪਨਵੇਸ਼ਾਂ ਦੀਆਂ ਨੀਹਾਂ ਰਖ ਦਿਤੀਆਂ ਸਨ, ਅਤੇ ਭਾਰਤ ਦੇ ਉਤਰਾਪਥ ਦਾ ਵਿਸਥਾਰ ਹੋ ਗਿਆ ਸੀ ।

ਉਤਰਾਪਥ ਵਿਚ ਬੁਧ ਧਰਮ ਦੀ ਜੜ੍ਹ ਵੀ ਪਹਿਲੇ ਪਹਿਲ ਅਸ਼ੋਕ ਦੇ ਹੀ ਰਾਜ ਪ੍ਰਬੰਧ ਵਿਚ ਪਈ । ਪਿਛੋਂ ਇਥੇ ਉਹ ਦਰੱਖਤ ਉਸ ਤੋਂ ਵੀ ਵੱਧ ਫਲਿਆ ਫੁਲਿਆ ਜਿਤਨਾ ਕਿ ਭਾਰਤ ਦੇ ਮੱਧ ਦੇਸ਼ ਵਿਚ ।

ਮੌਰੀਆ ਯੁੱਗ ਦੇ ਨਾਲ ਪ੍ਰਚੀਨ ਕਾਲ ਦਾ ਪਹਿਲਾ ਅਧ ਸਮਾਪਤ ਹੁੰਦਾ ਹੈ ।

---

[1] ਜੈ ਚੰਦ੍ਰ ਵਿਦਿਆਲੰਕਾਰ (1941, 1954. 60) = ਭਾਰਤੀ ਇਤਿਹਾਸ ਦੀ ਮਿਮਾਂਸਾ, ਪੰਨਾ 46,537 ।




**ਉੱਤਰ-ਪਥ ਦੇ ਭਾਰਤੀ ਉਪਨਿਵੇਸ਼**

**(ਪ੍ਰਾਚੀਨ ਤੇ ਮਧ ਕਾਲ ਵਿਚ)**

ਸੰਕੇਤ

ਪ੍ਰਾਚੀਨ ਬਸਤੀਆਂ ਦੇ ਖੰਡਰ......... △

ਪ੍ਰਾਚੀਨ ਭਾਰਤੀ ਨਦੀਆਂ ਤੇ, ਬਸਤੀਆਂ ਦੇ ਨਾਂ ਜਿਨ੍ਹਾਂ ਦੇ ਅਜੋਕੇ ਰੂਪ ਨਹੀਂ ਦਿਤੇ ਗਏ ਹਨ ਉਨ੍ਹਾਂ ਹੇਠ ਇਉਂ ਲੀਕ ਪਈ ਹੈ......... ਮਰੁਕ

ਪ੍ਰਾਚੀਨ ਨਾਵਾਂ ਦੇ ਨਾਲ ਅਜੋਕੇ ਨਾਂ ਬ੍ਰੈਟਾਂ ਤੋਂ ਬਾਹਰ, ਜਿਵੇਂ ਸਵਾਤ (ਸੁਵਾਸਤੁ)

**ਇਸ ਨਕਸ਼ੇ ਵਿਚ ਅੰਕਤ ਪ੍ਰਾਚੀਨ ਜਨਪਦ ਤੇ ਮੁਖ ਨਗਰ**

ਗੰਧਾਰ—ਤਕਸ਼ਿਲਾ, ਪੁਪਕਰਾਵਤੀ, ਪੁਰੁਸ਼ਪੁਰ।
ਕੰਬੋਜ—ਪਾਮੀਰ-ਬਦਖ਼ਸ਼ਾਂ ।
ਦਵੈਦਖਸ਼—ਕੰਬੋਜ ਦਾ ਪੱਛਮੀ ਅੰਸ਼ (ਬਦਖਸ਼ਾ)।
ਲੰਪਾਕ—ਲਮਗਾਨ ।
ਨਗਰਹਾਰ—ਨਿੰਗ੍ਹਾਰ ।
ਕਪਿਸ਼—ਕਾਫਿਰਿਸਤਾਨ ।
ਕਸ਼ਮੀਰ—ਸ੍ਰੀਨਗਰ, ਸ਼ਾਰਦਾ-ਤੀਰਥ।
ਦਰਦਦੇਸ਼—ਦਰਦਪੁਰੀ (ਗੁਰੈਜ਼)।
ਕਬੰਧ—ਤਾਗ਼ਦੁੰਬਾਸ਼, ਪਾਮੀਰ ।
ਖਸ਼—ਕਾਸ਼ਗਰ
ਓਸ਼—ਯੰਗੇ ਹਿਸਾਰ
ਚੋਕੁਕ—ਯਾਰਕੰਦ।
ਖੋਤਨ—ਰੱਲਕ, ਭੀਮ, ਨਿਜਾਂਗ।
ਮੂਲ ਤੁਖਾਰ ਦੇਸ਼—ਅੰਦਾਰਾ।
ਚਲਦਮਦ—ਚਰਚਨ।
ਨਾਭਕ—ਲੋਲਾਨ।
ਕੋਸ਼ਾਂਗ—ਤਰਫ਼ਾਨ।
ਅਗਿਨ—ਕਾਰਾਸ਼ਹਰ
ਕੁਚਿ—ਕੁਚਾਰ।
ਭਰੁਕ-ਅਕਸੂ ਪ੍ਰਦੇਸ਼

ਉੱਤਰਪਥ ਦੇ ਭਾਰਤੀ ਉਪਨਿਵੇਸ਼ (ਪ੍ਰਾਚੀਨ ਅਤੇ ਮਧ-ਕਾਲ ਵਿਚ)

77096
16/10/91

Library IIAS, Shimla
P 954.5 V 669 P
00077096